# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਪਹਿਲਾ — ਸਮੈਸਟਰ ਦੂਜਾ

ਪੇਪਰ : ਚੌਥਾ (ਆਧੁਨਿਕ ਪੰਜਾਬੀ ਕਾਵਿ) — ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਸ਼ਿਵ ਕੁਮਾਰ ਦਾ ਜੀਵਨ ਅਤੇ ਰਚਨਾਤਮਕ ਸਰੋਕਾਰ

1.2 : ਬਿਰਹਾ ਤੂ ਸੁਲਤਾਨ ਦੇ ਪ੍ਰਮੁੱਖ ਵਿਸ਼ੇ ਤੇ ਵਿਚਾਰਧਾਰਾ

1.3 : ਬਿਰਹਾ ਤੂ ਸੁਲਤਾਨ ਦਾ ਰੂਪਾਕਾਰਕ ਅਧਿਐਨ

1.4 : ਬਿਰਹਾ ਤੂ ਸੁਲਤਾਨ ਦੀ ਕਲਾਤਮਿਕ ਮਹੱਤਤਾ

1.5 : ਆਧੁਨਿਕ ਪੰਜਾਬੀ ਕਵਿਤਾ ਵਿਚ ਸ਼ਿਵਕੁਮਾਰ ਦਾ ਸਥਾਨ

1.6 : ਸੁਰਜੀਤ ਪਾਤਰ : ਜੀਵਨ-ਦ੍ਰਿਸ਼ਟੀ ਅਤੇ ਕਾਵਿ-ਰਚਨਾ

1.7 : ਸੁਰ-ਜਮੀਨ ਦਾ ਕਾਵਿ-ਵਸਤੂ

1.8 : ਕਵੀ ਅਤੇ ਨਿਰਧਾਰਤ ਪੁਸਤਕ ਸਬੰਧੀ ਸੰਖੇਪ ਉੱਤਰਾਂ ਵਾਲੇ ਪਸ਼੍ਨ



**Department website : www.pbidde.org**

ਪਾਠ ਨੰ.: 1.1 ਲੇਖਕ : ਡਾ. ਚਰਨਜੀਤ ਕੌਰ

## ਸ਼ਿਵ ਕੁਮਾਰ ਦਾ ਜੀਵਨ ਅਤੇ ਰਚਨਾਤਮਿਕ ਸਰੋਕਾਰ -

ਕਿਸੇ ਰਚਨਾਕਾਰ ਦੇ ਰਚਨਾਤਮਿਕ ਸਰੋਕਾਰਾਂ ਨੂੰ ਸਮਝਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਦੇ ਜੀਵਨ ਅਤੇ ਉਸ ਦੇ ਪਿਛੋਕੜ ਨੂੰ ਸਮਝਿਆ ਜਾਵੇ ਕਿਉਂਕਿ ਕਿਸੇ ਰਚਨਾਕਾਰ ਦੀ ਰਚਨਾ ਵਿਚ ਉਸ ਦਾ ਜੀਵਨ ਅਨੁਭਵ ਸਹਿਜ ਹੀ ਸਮਾਇਆ ਹੁੰਦਾ ਹੈ ਪਰੰਤੂ ਇੱਥੇ ਇਹ ਵੀ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਕਿਸੇ ਰਚਨਾਕਾਰ ਦੀ ਹਰ ਰਚਨਾ ਵਿਚੋਂ ਉਸ ਦੇ ਨਿੱਜੀ ਜੀਵਨ ਵੇਰਵੇ ਲੱਭਣੇ ਵਾਜਬ ਨਹੀਂ ਹੁੰਦੇ। ਰਚਨਾਕਾਰ ਦੇ ਜੀਵਨ ਨੂੰ ਸਮਝਣ ਦਾ ਮਨੋਰਥ ਤਾਂ ਰਚਨਾ ਦੀ ਮਨੋਸਮਾਜਿਕ ਪਿੱਠਭੂਮੀ ਨੂੰ ਸਮਝਣਾ ਹੁੰਦਾ ਹੈ। ਇਸੇ ਕਰਕੇ ਪਾਠ ਸਮਗਰੀ ਦੇ ਅਗਲੇ ਭਾਗ ਵਿਚ ਸ਼ਿਵ ਕੁਮਾਰ ਦੇ ਜੀਵਨ ਵੇਰਵੇ ਅਤੇ ਉਸ ਦੇ ਰਚਨਾਤਮਿਕ ਸਰੋਕਾਰ ਸਾਂਝੇ ਕੀਤੇ ਜਾ ਰਹੇ ਹਨ।

ਸ਼ਿਵ ਕੁਮਾਰ ਦਾ ਜਨਮ ਪੰਜਾਬੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਪੰਜਾਬੀ ਪੀਡੀਆ ਅਤੇ ਅੰਤਰ ਰਾਸ਼ਟਰੀ ਵਿਕੀਪੀਡੀਆ ਅਨੁਸਾਰ 23 ਜੁਲਾਈ, 1936 ਹੈ ਪਰ ਪ੍ਰੋ.ਪ੍ਰੀਤਮ ਸਿੰਘ ਵੱਲੋ ਤਿਆਰ ਕੀਤੇ ਲੇਖਕ ਕੋਸ਼ ਅਨੁਸਾਰ ਇਕ ਮਿਤੀ 23 ਜੁਲਾਈ, 1937 ਅਤੇ ਦੂਜੀ ਮਿਤੀ 8 ਅਕਤੂਬਰ, 1937 ਦਰਸਾਈ ਗਈ ਹੈ। ਹੋਰ ਸਰੋਤਾਂ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਇਨ੍ਹਾਂ ਵਿਚੋਂ ਇਕ ਮਿਤੀ ਉਸ ਦੇ ਸਕੂਲ ਸਰਟੀਫਿਕੇਟ ਅਨੁਸਾਰ ਹੈ ਅਤੇ ਦੂਸਰੀ ਉਸ ਦੀ ਜਨਮ-ਪੱਤਰੀ ਅਨੁਸਾਰ ਹੈ। ਸ਼ਿਵ ਕੁਮਾਰ ਦਾ ਜਨਮ ਮਾਤਾ ਸ਼ਾਂਤੀ ਦੇਵੀ, ਪਿਤਾ ਕਿਸ਼ਨ ਗੋਪਾਲ ਦੇ ਘਰ, ਬੜਾ ਪਿੰਡ ਲੋਹਟੀਆਂ, ਸ਼ਕਰਗੜ੍ਹ ਨੇੜੇ ਜਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ ਵਿਚ) ਵਿਚ ਹੋਇਆ। ਉਸ ਦਾ ਬਚਪਨ ਬਟਾਲੇ ਸ਼ਹਿਰ ਵਿਚ ਬੀਤਿਆ ਹੋਣ ਕਾਰਨ ਉਸ ਦੇ ਨਾਂ ਨਾਲ ਬਟਾਲਵੀ ਸਦਾ ਲਈ ਜੁੜ ਗਿਆ। ਹਾਲਾਂ ਕਿ ਉਹ ਕਾਫੀ ਦੇਰ ਚੰਡੀਗੜ੍ਹ ਵੀ ਰਹਿੰਦਾ ਰਿਹਾ ਹੈ। ਜਨਮ ਦੀ ਤਰ੍ਹਾਂ ਉਨ੍ਹਾਂ ਦੀ ਮੌਤ ਬਾਰੇ ਵੀ ਵੱਖਰੀਆਂ ਵੱਖਰੀਆਂ ਮਿਤੀਆਂ ਹਨ। ਪੰਜਾਬੀ ਪੀਡੀਆ ਅਤੇ ਵਿਕੀਪੀਡੀਆ ਅਨੁਸਾਰ 7 ਮਈ 1973 ਪਰ ਲੇਖਕ ਕੋਸ਼ ਵਿਚ ਫਿਰ ਦੋ ਮਿਤੀਆਂ ਦਰਜ ਹਨ। ਇਨ੍ਹਾਂ ਵਿਚੋਂ ਇਕ ਮਿਤੀ ਇਨ੍ਹਾਂ ਪੀਡੀਆ ਵਾਲੀ ਭਾਵ 7 ਮਈ, 1973 ਹੈ ਅਤੇ ਦੂਜੀ 6 ਮਈ 1973 ਹੈ। ਇਕ ਹੋਰ ਸਰੋਤ ਅਨੁਸਾਰ ਇਹ 6 ਮਈ ਅਤੇ 7 ਮਈ 1973 ਦੀ ਰਾਤ ਸੀ। ਉਸ ਦੀ ਮੌਤ ਦਾ ਬਿਰਤਾਂਤ ਬਲਵੰਤ ਗਾਰਗੀ ਨੇ ਹੁਸੀਨ ਚਿਹਰੇ ਵਿਚ ਸ਼ਿਵ ਬਟਾਲਵੀ ਦਾ ਰੇਖਾ ਚਿੱਤਰ ਲਿਖਦਿਆਂ ਇਉਂ ਬਿਆਨ ਕੀਤਾ ਹੈ :

*"ਚੰਡੀਗੜ੍ਹ ਪੱਥਰਾਂ ਦਾ ਸ਼ਹਿਰ ਸੀ, ਬਟਾਲਾ ਲੋਹੇ ਦਾ। ਦੋਹਾਂ ਸ਼ਹਿਰਾਂ ਨੇ ਉਸ ਨੂੰ ਪਿਆਰ ਕੀਤਾ; ਸ਼ਿਵ ਨੇ ਇਹਨਾਂ ਸ਼ਹਿਰਾਂ ਨੂੰ ਗੀਤ ਦਿਤੇ। ਦੋਹਾਂ ਸ਼ਹਿਰਾਂ ਨੂੰ ਉਸ ਨੇ ਪਿਆਰ ਵੀ ਕੀਤਾ ਤੇ ਨਫਰਤ ਵੀ।*

*ਬਟਾਲੇ ਉਹ ਕੁਝ ਦਿਨ ਹੀ ਰਿਹਾ। ਫਿਰ ਅਰੁਨਾ ਨਾਲ ਆਪਣੇ ਸਹੁਰੇ ਪਿੰਡ ਚਲਾ ਗਿਆ ਜੋ ਪਠਾਨਕੋਟ ਤੋਂ ਪੰਦਰਾਂ ਮੀਲ ਪਹਾੜ ਦੇ ਪੈਰਾਂ ਵਿਚ ਹੈ।*

*ਇੱਥੇ ਹਰਿਆਵਲ ਸੀ, ਨਿੱਕੇ ਘਰ ਸਨ, ਖੇਤ ਸਨ।*

*ਸ਼ਿਵ ਇਸ ਘਰ ਦੇ ਚੁਬਾਰੇ ਵਿਚ ਰਿਹਾ ਜਿਥੇ ਅੱਤਾਂ ਦੀ ਗਰਮੀ ਸੀ।*

*ਰਾਤ ਨੂੰ ਉਸ ਨੂੰ ਨੀਂਦ ਨਾ ਆਉਂਦੀ। ਕਈ ਵਾਰ ਉਹ ਹਾਕਾਂ ਮਾਰਦਾ ਤੇ ਰੋਂਦਾ। ਮੈਂ ਇਕੱਲਾ ਹਾਂ ਲੋਕੋ / ਮੈਂ ਇਕੱਲਾ ਰਹਿ ਗਿਆ। ਕਿਥੇ ਨੇ ਮੇਰੇ ਯਾਰ ?*

*ਦੂਰ ਖੇਤਾਂ ਵਿਚ ਗਿੱਦੜ ਰੋਂਦੇ ਤੇ ਭਾਂ ਭਾਂ ਕਰਦੀ ਰਾਤ ਵਿਚ ਸ਼ਿਵ ਦੀਆਂ ਹਾਕਾਂ ਗੁਆਚ ਜਾਂਦੀਆਂ।*

*6 ਮਈ, 1973 ਦੀ ਰਾਤ ਨੂੰ ਸ਼ਿਵ ਦੀ ਕੂਕਦੀ ਆਤਮਾ ਹਮੇਸ਼ਾਂ ਲਈ ਸ਼ਾਂਤ ਹੋ ਗਈ।"* (ਹੁਸੀਨ ਚਿਹਰੇ, ਪੰਨਾ 102)

ਸ਼ਿਵ ਕੁਮਾਰ ਦੇ ਪਿਤਾ ਜੀ ਮਾਲ ਮਹਿਕਮੇ ਵਿਚ ਤਸੀਲਦਾਰ ਸਨ। ਸ਼ਿਵ ਕੁਮਾਰ ਵੀ ਕੁਝ ਸਾਲ ਪਟਵਾਰੀ ਲੱਗਿਆ ਰਿਹਾ ਅਤੇ ਇਸ ਤੋਂ ਪਿੱਛੋਂ ਬੈਂਕ ਦੀ ਨੌਕਰੀ ਵੀ ਕੀਤੀ। ਸ਼ਿਵ ਕੁਮਾਰ ਦਾ ਥੋੜ੍ਹ-ਚਿਰਾ ਪਟਵਾਰ ਅਨੁਭਵ ਉਸ ਦੀ ਕਵਿਤਾ ਲਈ ਅਮੀਰ ਅਧਾਰ ਬਣਿਆਂ। ਆਮ ਕਰਕੇ ਪੰਜਾਬ ਵਿਚ ਗ਼ੈਰ-ਕਾਸ਼ਤਕਾਰ ਸ਼ਹਿਰੀ ਕਵੀ ਜਦੋਂ ਕਵਿਤਾ ਲਿਖਦੇ ਹਨ ਤਾਂ ਉਹ ਭਾਵੇਂ ਪਿੰਡ ਦਾ ਚਿਤ੍ਰਣ ਕਰਨ ਪਰ ਉਹ ਚਿਤ੍ਰਣ ਓਪਰਾ ਹੰਦਾ ਹੈ ਕਿਉਂਕਿ ਉਹ ਪਿੰਡ ਦੇ ਆਲ਼ੇ-ਦੁਆਲੇ, ਖੇਤੀ ਦੇ ਸੰਦਾਂ ਨੂੰ ਅਤੇ ਖੇਤਾਂ ਵਿਚ ਫੈਲੀ ਬਨਸਪਤੀ ਤੋਂ ਅਨਜਾਣ ਹੁੰਦੇ ਹਨ। ਸ਼ਿਵ ਕੁਮਾਰ ਖੁਦ ਪਟਵਾਰੀ ਰਿਹਾ ਹੋਣ ਕਰਕੇ ਉਸ ਨੂੰ ਨਾ ਕੇਵਲ ਪਿੰਡਾਂ ਦੇ ਸਮੁੱਚੇ ਮਾਹੌਲ ਦਾ ਹੀ ਗਿਆਨ ਸੀ ਸਗੋਂ ਉਸ ਨੂੰ ਖੇਤਾਂ ਵਿਚ ਪੈਦਾ ਹੁੰਦੇ ਹਰ ਫਲ, ਫੁੱਲ, ਫਸਲ, ਬੂਟੇ ਬਾਰੇ ਜਾਣਕਾਰੀ ਸੀ। ਇਹ ਜਾਣਕਾਰੀ ਉਸ ਦੇ ਕਾਵਿ ਅਨੁਭਵ ਦਾ ਹਿੱਸਾ ਸੀ। ਆਪਣੀ ਕਵਿਤਾ ਵਿਚ ਉਹ ਪੰਜਾਬ ਦੀ ਬਨਸਪਤੀ ਦੀ ਬਹੁਤ ਬਰੀਕ ਜਾਣਕਾਰੀ ਦਿੰਦਾ ਹੈ। ਇਹ ਬਨਸਪਤੀ ਚਿਤਰਣ ਲਤੀਫਿਆਂ ਦਾ ਵੀ ਅਧਾਰ ਬਣਿਆ। ਪ੍ਰਸਿੱਧ ਕਹਾਣੀਕਾਰ ਮੋਹਨ ਭੰਡਾਰੀ ਆਪਣੇ ਸ਼ਿਵ ਕੁਮਾਰ ਦੇ ਰੇਖਾ ਚਿੱਤਰ ਵਿਚ

ਉਸ ਬਾਰੇ ਮਸ਼ਹੂਰ ਹੋਇਆ ਲਤੀਫਾ ਸਾਂਝਾ ਕਰਦੇ ਹਨ :

*"ਇਕ ਅਧਿਆਪਕ ਆਪਣੇ ਸਕੂਲ ਜਾ ਰਿਹਾ ਸੀ। ਸਾਈਕਲ ਦੇ ਹੈਂਡਲ ਵਿਚ ਜੜ੍ਹੀਆਂ-ਬੂਟੀਆਂ ਨਾਲ ਤੁੰਨਿਆ ਇਕ ਝੋਲਾ ਟੰਗਿਆ ਹੋਇਆ। ਵਿਚ ਇੱਟ ਸਿੱਟ ਦੀ ਬੂਟੀ, ਪਿੱਤ ਪਾਪੜੀ, ਪੋਹਲੀ, ਧਤੂਰਾ, ਸ਼ਰੀਂਹ ਦੀਆਂ ਟਾਹਣੀਆਂ , ਕੰਗਣੀ, ਭੱਖੜਾ ਤੇ ਹੋਰ ਨਿੱਕ-ਸੁੱਕ। ਰਾਹ ਵਿਚ ਮਿਲੇ ਇਕ ਮਿੱਤਰ ਨੇ ਝੋਲਾ ਦੇਖ ਹੈਰਾਨੀ ਨਾਲ ਪੁੱਛਿਆ, "ਓਏ ਆਹ ਕੀ !" ਅਧਿਆਪਕ ਹੱਸਦਾ ਹੱਸਦਾ ਰੋਣਹਾਕਾ ਹੋ ਗਿਆ ਤੇ ਕਹਿਣ ਲੱਗਾ, "ਯਾਰ ਕੀ ਕਰਾਂ? ਬੱਚਿਆਂ ਨੂੰ ਸ਼ਿਵ ਕੁਮਾਰ ਪੜ੍ਹਾਉਣਾ ਪੈਂਦੈ।"* (ਮੋਹਨ ਭੰਡਾਰੀ, ਇਹ ਅਜਬ ਬੰਦੇ, ਪੰਨਾ 154)

ਜਿਸ ਤਰ੍ਹਾਂ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ, ਲੇਖਕ ਦੇ ਜੀਵਨ ਅਨੁਭਵ ਅਤੇ ਉਸ ਦੀ ਰਚਨਾ ਦਾ ਨੇੜੇ ਦਾ ਸਬੰਧ ਹੁੰਦਾ ਹੈ। ਸ਼ਿਵ ਕੁਮਾਰ ਪੰਜਾਬ ਦੇ ਭੂਗੋਲਿਕ ਪੱਖੋਂ ਨੀਮ ਪਹਾੜੀ ਇਲਾਕੇ ਵਿਚ ਪਲ਼ਿਆ/ਵੱਡਾ ਹੋਇਆ ਜਿਥੇ ਬਨਸਪਤੀ ਦੀ ਬਹੁਤ ਵਿਭਿੰਨਤਾ ਸੀ। ਜਿੱਥੇ ਕੂਲਾਂ ਫੁੱਟਦੀਆਂ ਸਨ, ਪਹਾੜਾਂ ਤੋਂ ਆਉਂਦੇ ਚੋਅ ਵਗਦੇ ਸਨ, ਦੱਭ ਸਰਕੜਾ ਉਗਦਾ ਸੀ। ਸੋਕੇ ਸਮੇਂ ਪੋਹਲੀ, ਪਿੱਤ ਪਾਪੜਾ, ਭੱਖੜਾ ਪੈਦਾ ਹੁੰਦਾ ਸੀ। ਇਹ ਅਨੁਭਵ ਉਸ ਦੀ ਕਵਿਤਾ ਵਿਚ ਹਰ ਥਾਂ ਮੌਜੂਦ ਹੈ ਅਤੇ ਬਿੰਬਾਂ ਵਿਚ ਢਲ ਢਲ ਪੇਸ਼ ਹੁੰਦਾ ਹੈ।

ਕਵੀ ਵਜੋਂ ਪ੍ਰਸਿੱਧ ਹੋ ਜਾਣ ਤੋਂ ਬਾਅਦ ਉਸ ਨੇ ਬੈਂਕ ਵਿਚ ਨੌਕਰੀ ਵੀ ਕੀਤੀ ਪਰ ਇਹ ਨੌਕਰੀ ਅਸਲ ਵਿਚ ਤਾਂ ਉਸ ਦੀ ਕਵੀ ਵਜੋਂ ਪ੍ਰਸਿੱਧੀ ਪ੍ਰਾਪਤ ਹੋਣ ਮਗਰੋਂ ਹੀ ਮਿਲੀ। ਇਹ ਨੌਕਰੀ ਇਕ ਤਰ੍ਹਾਂ ਨਾਲ ਉਸ ਦੇ ਕਵੀ ਹੋਣ ਦਾ ਮਾਣ-ਸਨਮਾਨ ਹੀ ਸੀ। ਇਸੇ ਕਾਰਨ ਉਸ ਦੀ ਕਵਿਤਾ ਵਿਚ ਬੈਂਕ, ਦਫਤਰੀ ਮਾਹੌਲ ਜਾਂ ਸ਼ਹਿਰੀ ਜੀਵਨ ਦਾ ਕੋਈ ਬਹੁਤਾ ਡੂੰਘਾ ਅਨੁਭਵ ਨਹੀਂ ਹੈ ਪਰੰਤੂ ਸ਼ਹਿਰੀ ਦਫਤਰੀ ਮਾਹੌਲ, ਉਸ ਸਮੇਂ ਬੌਧਿਕ ਹਲਕਿਆਂ ਵਿਚ ਵਿਆਪਕ ਆਧੁਨਿਕ ਅਸਤਿੱਤਵਵਾਦੀ ਸੋਚ ਅਤੇ ਜੀਵਨ ਸ਼ੈਲੀ ਦਾ ਕਿਤੇ ਨਾ ਕਿਤੇ ਪ੍ਰਭਾਵ ਉਸ ਦੀਆਂ ਪਿਛਲੀਆਂ ਰਚਨਾਵਾਂ ਖ਼ਾਸ ਕਰਕੇ "ਮੈ ਅਤੇ ਮੈਂ "ਵਿਚ ਪ੍ਰਾਪਤ ਹੁੰਦਾ ਹੈ। ਇਸਦੇ ਬਾਵਜੂਦ ਜਿਵੇਂ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਜੀਵਨ ਅਨੁਭਵ ਰਚਨਾ ਉਪਰ ਪ੍ਰਭਾਵ ਅਵੱਸ਼ ਪਾਉਂਦਾ ਹੈ। "ਬਿਰਹਾ ਤੂ ਸੁਲਤਾਨ " ਪੁਸਤਕ ਵਿਚ ਸ਼ਾਮਲ ਕਵਿਤਾ ਲੂਣਾ ਦਾ ਸਲਵਾਨ ਦਫਤਰੀ ਬਾਬੂ ਹੈ ਜੋ ਫਾਈਲਾਂ ਦੇ ਬੋਝ ਹੇਠ ਦੱਬਿਆ ਹੋਇਆ ਹੈ।

ਜੋ ਸਲਵਾਨ ਮੇਰੇ ਲੜ ਲੱਗਾ
ਦਿਨ ਭਰ ਚੁਕ ਫ਼ਾਈਲਾਂ ਦਾ ਥੱਬਾ
ਸ਼ਹਿਰੋ ਸ਼ਹਿਰ ਰਵ੍ਹੇ ਨਿੱਤ ਭੱਜਾ
ਮਨ ਵਿਚ ਚੇਟਕ ਚਾਂਦੀ ਦੇ ਫੁਲ ਖਾਣ ਦੀ। (ਬਿਰਹਾ ਤੂ ਸਲਵਾਨ, ਪੰਨਾ 166)

ਸ਼ਿਵ ਕੁਮਾਰ ਦੇ ਦੋ ਅਧੂਰੇ ਇਸ਼ਕਾਂ ਦੀ ਗਾਥਾ ਤਾਂ ਬਹੁਤ ਗਾਈ ਗਈ ਹੈ ਪਰ ਉਸ ਦੇ ਘਰ ਪਰਿਵਾਰ ਬਾਰੇ ਬਹੁਤ ਥੋੜ੍ਹੀ ਜਾਣਕਾਰੀ ਮਿਲਦੀ ਹੈ ਜਾਂ ਘੱਟੋ ਘੱਟ ਉਸ ਦੇ ਰੇਖਾ ਚਿੱਤਰਾਂ ਵਿਚ ਵੀ ਅੰਸ਼ਕ ਜਾਣਕਾਰੀ ਹੀ ਮਿਲਦੀ ਹੈ। ਸ਼ਿਵ ਕੁਮਾਰ ਦਾ ਵਿਆਹ ਅਰੁਣਾ ਨਾਲ ਹੋਇਆ ਅਤੇ ਉਸ ਦੇ ਘਰ ਬੇਟਾ ਮਿਹਰਬਾਨ ਅਤੇ ਬੇਟੀ ਪੂਜਾ ਦੋ ਬੱਚਿਆਂ ਨੇ ਜਨਮ ਲਿਆ। ਸ਼ਿਵ ਕੁਮਾਰ ਦੀ ਮੌਤ ਤੋਂ ਪਿੱਛੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਅਰੁਣ ਬਟਾਲਵੀ ਨੂੰ ਨੌਕਰੀ ਅਤੇ ਰਿਹਾਇਸ਼ ਦਿੱਤੀ। ਉਨ੍ਹਾਂ ਦਾ ਬੇਟਾ ਮਿਹਰਬਾਨ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਅਸਿਸਟੈਂਟ ਪ੍ਰੋਫੈਸਰ ਵਜੋਂ ਸਾਹਿਤ ਅਧਿਐਨ ਵਿਭਾਗ ਵਿਚ ਕਾਰਜਸ਼ੀਲ ਰਿਹਾ ਹੈ। ਬੇਟਾ ਮਿਹਰਬਾਨ ਅਤੇ ਬੇਟੀ ਪੂਜਾ ਦੋਵਾਂ ਦੇ ਵਿਆਹ ਹੋ ਚੁੱਕੇ ਹਨ ਅਤੇ ਅੱਜਕਲ੍ਹ ਕੈਨੇਡਾ ਵਿਚ ਰਹਿ ਰਹੇ ਹਨ।

ਉਸ ਦੀਆਂ ਕਾਵਿ ਪੁਸਤਕਾਂ ਪੀੜਾਂ ਦਾ ਪਰਾਗਾ(1960), ਲਾਜਵੰਤੀ(1961), ਆਟੇ ਦੀਆਂ ਚਿੜੀਆਂ(1963), ਮੈਨੂੰ ਵਿਦਾ ਕਰੋ(1963) ਬਿਰਹਾ ਤੂ ਸੁਲਤਾਨ(1964), ਦਰਦਮੰਦਾਂ ਦੀਆਂ ਆਹੀਂ(1964), ਲੂਣਾ(1965), ਮੈਂ ਤੇ ਮੈਂ(1970), ਆਰਤੀ(1971) ਉਸ ਦੇ ਜਿਉਂਦੇ ਜੀਅ ਪ੍ਰਕਾਸ਼ਿਤ ਹੋਈਆਂ। ਉਸ ਦੀ ਮੌਤ ਉਪਰੰਤ ਅਲਵਿਦਾ(1974), ਬਿਰਹੜਾ(1975), ਅਸਾਂ ਜੋਬਨ ਰੁੱਤੇ ਮਰਨਾ(1976), ਸਾਗਰ ਤੇ ਕਣੀਆਂ(1982), ਸ਼ਿਵ ਕੁਮਾਰ - ਸੰਪੂਰਣ ਕਾਵਿ(1983)ਵਿਚ ਪ੍ਰਕਾਸ਼ਿਤ ਹੋਈਆਂ ਅਤੇ ਸ਼ਰੀਂਹ ਦੇ ਫੁੱਲ(ਫਾਰਸੀ ਅੱਖਰਾਂ ਵਿਚ)ਪਾਕਿਸਤਾਨ ਵਿਚ ਛਪੀ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਉਸ ਦੇ ਜਿਉਂਦੇ ਜੀਅ ਉਸ ਦੀਆਂ ਨੌ ਕਾਵਿ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਸਨ। ਇਨ੍ਹਾਂ ਵਿਚੋਂ ਅੱਠ ਮੌਲਿਕ ਸਨ ਜਦੋਂ ਕਿ ਬਿਰਹਾ ਤੂ ਸੁਲਤਾਨ ਪਹਿਲਾਂ ਛਪੀਆਂ ਰਚਨਾਵਾਂ ਦਾ ਚੋਣਵਾਂ ਸੰਗ੍ਰਹਿ ਸੀ। ਸ਼ਿਵ ਕੁਮਾਰ ਦੀਆਂ ਲੱਗਭਗ ਸਾਰੀਆਂ ਹੀ ਪੁਸਤਕਾਂ ਦੇ ਹੁਣ ਤਕ ਕਈ ਕਈ ਐਡੀਸ਼ਨ ਨਿਕਲ ਚੁੱਕੇ ਹਨ। ਸ਼ਿਵ ਕੁਮਾਰ ਦੇ 1960 ਤੋਂ ਲੈ ਕੇ 1971 ਤਕ ਦਸਾਂ ਸਾਲਾਂ ਦੇ ਕਾਵਿ ਸਫਰ ਤੇ ਨਜ਼ਰ ਮਾਰੀਏ ਤਾਂ ਲੱਗਭਗ ਹਰ ਸਾਲ ਉਸ ਦੀ ਇਕ ਨਵੀਂ ਪੁਸਤਕ ਛਪਦੀ ਰਹੀ। ਇਸ ਕਾਵਿ ਸਫਰ ਤੋਂ ਉਸ ਦੀ ਸ਼ਕਤੀਸ਼ਾਲੀ ਰਚਨਾਤਮਿਕ ਊਰਜਾ ਦਾ ਪਤਾ ਚਲਦਾ ਹੈ। ਇਕ ਤਰ੍ਹਾਂ ਨਾਲ ਉਸ ਅੰਦਰ ਕਾਵਿ ਦਾ ਝਰਨਾ ਵਹਿੰਦਾ ਸੀ। ਸ਼ਿਵ ਕੁਮਾਰ ਦੀਆਂ ਬਹੁਤ ਸਾਰੀਆਂ ਰਚਨਾਵਾਂ ਖ਼ਾਸ ਕਰਕੇ ਲੂਣਾਂ ਰੰਗਮੰਚ ਉਤੇ ਖੇਡੀ ਵੀ ਗਈ ਅਤੇ ਉਸ ਦੇ ਗੀਤਾਂ ਨੂੰ ਪ੍ਰਸਿੱਧ ਗਾਇਕਾਂ ਜਿਵੇਂ ਮਹਿੰਦਰ ਕਪੂਰ, ਮੁਹੰਮਦ ਰਫੀ, ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਹੰਸ ਰਾਜ ਹੰਸ, ਨੁਸਰਤ ਫਤਹਿ ਅਲੀ, ਗੁਲਾਮ ਅਲੀ, ਪ੍ਰਵੇਜ਼ ਮਹਿੰਦੀ, ਜਗਜੀਤ ਸਿੰਘ, ਚਿਤਰਾ ਸਿੰਘ, ਤੋਂ ਲੈ ਕੇ ਜੱਸੀ ਜਸਵੀਰ ਤਕ ਨੇ ਗਾਇਆ ਹੈ। ਇਸ ਤੋਂ ਇਲਾਵਾ ਵੀ ਬਹੁਤ ਸਾਰੇ ਗਾਇਕ-ਗਾਇਕਾਵਾਂ ਨੇ ਉਸ ਦੀ ਰਚਨਾ ਨੂੰ ਆਪਣੀ ਆਵਾਜ਼ ਦਿੱਤੀ ਹੈ। ਉਸ ਦੇ ਗੀਤਾਂ ਨੂੰ ਹੂ-ਬ-ਹੂ ਜਾਂ ਅਦਲ-ਬਦਲ ਕੇ ਨਾਟਕਾਂ, ਫ਼ਿਲਮਾਂ ਵਿਚ ਵਾਰ ਵਾਰ ਵਰਤਿਆ ਜਾਂਦਾ ਹੈ।

ਪੀੜਾਂ ਦਾ ਪਰਾਗਾ ਕਾਵਿ ਸੰਗ੍ਰਹਿ ਉਤੇ 1962 ਅਤੇ ਆਟੇ ਦੀਆਂ ਚਿੜੀਆਂ ਕਾਵਿ ਸੰਗ੍ਰਹਿ ਉਤੇ 1963 ਵਿਚ ਭਾਸ਼ਾ ਵਿਭਾਗ, ਪੰਜਾਬ ਵੱਲੋਂ

ਲਗਾਤਾਰ ਦੋ ਸਾਲ ਪੁਰਸਕਾਰ ਮਿਲੇ।1967 ਵਿਚ ਲੂਣਾ ਕਾਵਿ ਪੁਸਤਕ ਉਤੇ ਭਾਰਤੀ ਸਾਹਿਤ ਅਕਾਦਮੀ ਵੱਲੋਂ ਰਾਸ਼ਟਰੀ ਪੁਰਸਕਾਰ ਦਿੱਤਾ ਗਿਆ। ਸ਼ਿਵ ਕੁਮਾਰ ਕਾਵਿ ਉਤੇ ਦਰਜਨ ਤੋਂ ਵਧੀਕ ਖੋਜ ਕਾਰਜ ਹੋ ਚੁੱਕੇ ਹਨ। ਸ਼ਿਵ ਕੁਮਾਰ ਉਪਰ ਬਹੁਤ ਸਾਰਾ ਖੋਜ-ਕਾਰਜ ਹੋਇਆ ਹੈ ਪਰੰਤੂ ਅਜੇ ਵੀ ਸ਼ਿਵ ਕਾਵਿ ਦੀ ਸੰਪੂਰਨ ਹਾਥ ਨਹੀਂ ਪਾਈ ਜਾ ਸਕੀ। ਇਸ ਦਾ ਕਾਰਨ ਆਲੋਚਕਾਂ ਦਾ ਉਸ ਦੇ ਜੀਵਨ ਵੱਲ ਵਧੇਰੇ ਉਲਾਰ ਹੋਣਾ ਅਤੇ ਉਸ ਪ੍ਰਤੀ ਵਧੇਰੇ ਸ਼ਰਧਾ ਹੋਣਾ ਵੀ ਹੈ।

ਆਧੁਨਿਕ ਪੰਜਾਬੀ ਕਵੀਆਂ ਵਿਚੋਂ ਜੇ ਸਭ ਤੋਂ ਪ੍ਰਸਿੱਧ ਪੰਜ ਕਵੀ ਚੁਣਨੇ ਹੋਣ ਤਾਂ ਸ਼ਾਇਦ ਸ਼ਿਵ ਉਨ੍ਹਾਂ ਵਿਚੋਂ ਸਿਖਰਲਾ ਕਵੀ ਹੋਵੇਗਾ। ਮੌਤ ਤੋਂ ਚਾਰ ਦਹਾਕਿਆਂ ਬਾਅਦ ਵੀ ਉਸ ਦੀ ਮਕਬੂਲੀਅਤ ਘਟੀ ਨਹੀਂ ਸਗੋਂ ਵਧੀ ਹੈ ਅਤੇ ਉਹ ਅਜੇ ਵੀ ਨਵੀਂ ਪੀੜ੍ਹੀ ਵਿਚ ਪਰਵਾਨ ਹੈ। ਸ਼ਿਵ ਕੁਮਾਰ ਦੀ ਕਵਿਤਾ ਵਾਂਗ ਹੀ ਉਸ ਦਾ ਜੀਵਨ ਵੀ ਅਨੋਖਾ ਸੀ। ਸਾਹਿਤਕਾਰ ਅਤੇ ਉਸ ਦੇ ਜੀਵਨ ਨੂੰ ਇਕ ਰੂਪ ਕਰਕੇ ਵੇਖਣ ਵਾਲੀਆਂ ਆਲੋਚਨਾ ਪ੍ਰਣਾਲੀਆਂ ਨੂੰ ਭਾਵੇਂ ਕੋਈ ਬਹੁਤੀ ਵਧੀਆ ਆਲੋਚਨਾਤਮਿਕ ਪਹੁੰਚ ਨਹੀਂ ਮੰਨਿਆ ਜਾਂਦਾ ਪਰ ਇਸ ਦੇ ਬਾਵਜੂਦ ਇਹ ਵਿਧੀ ਕਿਵੇਂ ਨਾ ਕਿਵੇਂ, ਥੋੜ੍ਹੀ ਜਾਂ ਬਹੁਤੀ ਹਰ ਯੁੱਗ ਵਿਚ ਹੀ ਪ੍ਰਚੱਲਤ ਰਹੀ ਹੈ। ਇਹ ਗੱਲ ਸੱਚੀ ਹੈ ਕਿ ਕਵਿਤਾ ਵਿਚ ਸਾਹਿਤਕਾਰ ਦਾ ਜੀਵਨ ਅਨੁਭਵ ਹੀ ਸਮਾਇਆ ਹੋਇਆ ਹੁੰਦਾ ਹੈ। ਇਸ ਲਈ ਰਚਨਾ ਤਕ ਪਹੁੰਚਣ ਲਈ ਅਕਸਰ ਰਚਨਾਕਾਰ ਦੇ ਜੀਵਨ ਨੂੰ ਫਰੋਲਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਸ਼ਿਵ ਕੁਮਾਰ ਦਾ ਜੀਵਨ ਕੁਝ ਵਧੇਰੇ ਹੀ ਫਰੋਲਿਆ ਗਿਆ ਹੈ। ਇਸ ਦਾ ਇਕ ਕਾਰਨ ਉਸ ਦੀ ਰਚਨਾ ਦੇ ਮੁੱਖ ਵਿਸ਼ੇ ਮੁਹੱਬਤ ਵਿਚ ਵਿਛੋੜੇ ਕਾਰਨ ਉਪਜੀ ਬਿਰਹੋਂ ਦਾ ਹੋਣਾ ਹੈ ਅਤੇ ਦੂਸਰਾ ਕਾਰਨ ਉਸ ਦੇ ਜਿਉਂਦੇ ਜੀਅ ਮਿਥ ਬਣ ਕੇ ਵਿਚਰਨ ਵਿਚ ਹੈ। ਉਸ ਦੇ ਕਾਵਿ ਅਨੁਭਵ ਅਤੇ ਉਸ ਦੇ ਜੀਵਨ ਨੂੰ ਜੋੜਨ ਦਾ ਕੰਮ ਸਭ ਤੋਂ ਵੱਧ ਅੰਮ੍ਰਿਤਾ ਪ੍ਰੀਤਮ ਨੇ ਕੀਤਾ। ਜਦੋਂ ਉਸ ਨੇ ਬਿਰਹਾ ਤੂ ਸੁਲਤਾਨ ਦੀ ਭੂਮਿਕਾ ਲਿਖਦਿਆਂ ਉਸ ਦੇ ਨਿੱਜੀ ਜੀਵਨ ਨੂੰ ਅਤੇ ਕਵਿਤਾ ਨੂੰ ਇਕਮਿੱਕ ਕਰ ਦਿੱਤਾ। ਅੰਮ੍ਰਿਤਾ ਪ੍ਰੀਤਮ ਬਹੁਤ ਵੱਡੀ ਸ਼ਾਇਰਾ ਸੀ ਅਤੇ ਉਸ ਦੀ ਲਿਖਤ ਵਿਚ ਕਰਾਮਾਤੀ ਜਾਦੂ ਸੀ, ਇਸ ਲਈ ਉਸ ਦੀਆਂ ਸ਼ਿਵ ਕੁਮਾਰ ਬਾਰੇ ਕਹੀਆਂ ਗੱਲਾਂ ਸੱਚ ਜਾਪਦੀਆਂ ਹਨ। ਇਕ ਰੋਮਾਂਚਕ ਕਹਾਣੀ ਵਾਂਗ ਅੰਮ੍ਰਿਤਾ ਲਿਖਦੀ ਹੈ :

*"ਉਹ ਨਿੱਕਾ ਹੁੰਦਾ ਹੀ ਨਦੀ ਦੇ ਕੰਢੇ ਉਤੇ ਉੱਗੇ ਹੋਏ ਕਾਹੀਆਂ ਦੇ ਬੂਟਿਆਂ ਵਿਚ ਕੱਕੜੀ ਦੇ ਫੰਬੇ ਉਡਾਂਦਾ। ਸਾਰਾ ਦਿਨ ਉਸ ਕੁੜੀ ਨੂੰ ਲੱਭਦਾ ਰਹਿੰਦਾ ਸੀ ਜਿਹੜੀ ਕੁੜੀ ਰਾਤੀਂ ਸੁਪਨੇ ਵਿਚ ਉਸ ਨੂੰ ਦਿਸਦੀ ਰਹਿੰਦੀ ਸੀ।"*

ਅੰਮ੍ਰਿਤਾ ਦੇ ਲਿਖਣ ਅਨੁਸਾਰ ਹੀ ਕਿੱਛੀ, ਵੀਰੋ ਤੇ ਬੰਸੀ ਸ਼ਿਵ ਦੇ ਪਿੰਡ ਦੀਆਂ ਕੁੜੀਆਂ ਸਨ ਪਰ ਉਸ ਦੀ ਅਸਲ ਮੁਹੱਬਤ ਮੀਨਾ ਨਾਲ ਸੀ। ਅੰਮ੍ਰਿਤਾ ਪ੍ਰੀਤਮ ਦੇ ਲਿਖਣ ਅਨੁਸਾਰ :

*"ਮੀਨਾ ਸ਼ਿਵ ਦੀ ਜ਼ਿੰਦਗੀ ਵਿਚ ਉਹ ਪਹਿਲੀ ਕੁੜੀ ਸੀ ਜਿਸ ਨੂੰ ਉਸ ਨੇ ਬੈਜਨਾਥ ਦੇ ਮੇਲੇ ਵਿਚ ਦੇਖਿਆ। ਦੇਖਦਾ ਹੀ ਰਹਿ ਗਿਆ। ਨਿਰੀ ਪੁਰੀ ਰਾਤ ਨੂੰ ਸੁਪਨੇ ਵਿਚ ਆਉਣ ਵਾਲੀ ਕੁੜੀ ... । ਸ਼ਿਵ ਨੇ ਮੀਨਾ ਕੋਲੋਂ ਵਿਆਹ ਦਾ ਇਕਰਾਰ ਲੈ ਲਿਆ.... । ਮੀਨਾ ਕੱਚੀ ਨਹੀਂ ਸੀ ਪਰ ਜ਼ਿੰਦਗੀ ਕੌਲਾਂ ਦੀ ਕੱਚੀ ਨਿਕਲੀ। ਦੋ ਵਰ੍ਹੇ ਨਹੀਂ ਸਨ ਟੱਪੇ ਕਿ ਮੀਨਾ ਮਿਆਦੀ ਬੁਖ਼ਾਰ ਨਾਲ ਮਰ ਗਈ। ਮੀਨਾ ਨੂੰ ਮਿਆਦੀ ਬੁਖਾਰ ਪਤਾ ਨਹੀਂ ਤੇਰਾਂ ਦਿਨ ਚੜ੍ਹਿਆ ਪਤਾ ਨਹੀਂ ਇੱਕੀ ਦਿਨ ਪਰ ਮੀਨਾ ਦੇ ਸੋਗ ਵਿਚ ਸ਼ਿਵ ਨੂੰ ਵਿਛੋੜੇ ਦਾ ਮਿਆਦੀ ਬੁਖਾਰ ਹੋ ਗਿਆ ਜਿਸ ਦੀ ਮਿਆਦ ਕਈ ਵਰ੍ਹੇ ਲੰਬੀ ਹੋ ਗਈ। ਸ਼ਿਵ ਦੇ ਆਪਣੇ ਲਫ਼ਜ਼ਾਂ ਵਿਚ ਉਸ ਨੂੰ ਸਰਸਾਮ ਹੋ ਗਿਆ। ਬੁਖਾਰ ਸਿਰ ਨੂੰ ਚੜ੍ਹ ਗਿਆ। ਇਸ ਬੁਖਾਰ ਦੀ ਘੂਕੀ ਵਿਚ ਉਹ ਜੋ ਕੁਝ ਬੋਲਦਾ ਗਿਆ, ਉਹ ਕਵਿਤਾ ਬਣ ਗਈ।....ਉਹ ਪੰਜਾਬ ਦਾ ਬੜਾ ਮਕਬੂਲ ਸ਼ਾਇਰ ਬਣ ਗਿਆ। ਇਕ ਦਿਨ ਕੋਈ ਕੁੜੀ ਆਪਣੀ ਕਾਪੀ ਉਤੇ ਉਸ ਦਾ ਗੀਤ ਉਤਾਰ ਕੇ ਲੈ ਗਈ ਤੇ ਫੇਰ ਕੁਝ ਦਿਨਾਂ ਪਿਛੋਂ ਉਸ ਦੇ ਗੀਤ ਦੀ ਇਕ ਸਤਰ ਰੰਗ ਬਿਰੰਗੇ ਕੱਪੜੇ ਉਤੇ ਰੰਗ ਬਿਰੰਗੇ ਧਾਗਿਆਂ ਨਾਲ ਕੱਢ ਲਿਆਈ। ਸ਼ਿਵ ਦੀ ਇਹ ਦੂਸਰੀ ਮਹਿਬੂਬਾ ਅਮੀਰ ਰਹਿਣੀ ਵਾਲੇ ਘਰ ਦੀ ਕੁੜੀ ਸੀ। ਇਸ ਲਈ ਸ਼ਿਵ ਆਪਣੇ ਕਿੱਤੇ ਤੋਂ ਸ਼ਰਮਾ ਗਿਆ ਤੇ ਉਸ ਨੇ ਪਟਵਾਰੀਪੁਣਾ ਛੱਡ ਦਿੱਤਾ। ਸ਼ਿਵ ਦੀ ਮਹਿਬੂਬ ਕੁੜੀ ਕਿਸੇ ਬਾਹਰਲੇ ਦੇਸ਼ ਵਿਚ ਚਲੀ ਗਈ। ਸ਼ਿਵ ਨੇ ਇਕ ਨਹੀਂ ਕੋਈ ਸੌ ਖਤ ਲਿਖੇ...... ਸ਼ਿਵ ਨੂੰ ਕਿਸੇ ਵੀ ਖਤ ਦਾ ਜਵਾਬ ਨਾ ਆਇਆ।"* (ਬਿਰਹਾ ਤੂ ਸੁਲਤਾਨ ਦੀ ਭੂਮਿਕਾ)

ਅੰਮ੍ਰਿਤਾ ਪ੍ਰੀਤਮ ਨੇ ਸ਼ਿਵ ਦੇ ਜੀਵਨ ਅਤੇ ਕਵਿਤਾ ਨੂੰ ਨਾ ਕੇਵਲ ਜੋੜ ਹੀ ਦਿੱਤਾ ਸਗੋਂ ਉਸ ਦੀ ਹਰ ਕਵਿਤਾ ਨੂੰ ਇਕ ਤਰ੍ਹਾਂ ਨਾਲ ਰੋਮਾਂਟਿਕ ਪ੍ਰਸੰਗ ਦੇ ਦਿੱਤਾ। ਇਹ ਸਭ ਗੱਲਾਂ ਸੱਚੀਆਂ ਹਨ ਜਾਂ ਝੂਠੀਆਂ ਹਨ, ਇਸ ਬਾਰੇ ਤਾਂ ਸ਼ਿਵ ਕੁਮਾਰ ਹੀ ਜਾਣੇ ਪਰ ਸ਼ਿਵ ਕੁਮਾਰ ਨੇ ਇਨ੍ਹਾਂ ਗੱਲਾਂ ਦਾ ਕਦੇ ਖੰਡਨ ਵੀ ਨਹੀਂ ਕੀਤਾ ਸੀ। ਸਿੱਟੇ ਵਜੋਂ ਉਸ ਦਾ ਜੀਵਨ ਉਸ ਦੀ ਕਵਿਤਾ ਦੇ ਪ੍ਰਸੰਗ ਵਜੋਂ ਵਿਚਾਰਿਆ ਜਾਣ ਲੱਗਾ। ਸ਼ਿਵ ਕੁਮਾਰ ਦੇ ਜੀਵਨ ਨੂੰ ਅਧਾਰ ਬਣਾ ਕੇ ਨਾਵਲ, ਕਹਾਣੀਆਂ, ਨਾਟਕ, ਕਵਿਤਾਵਾਂ ਲਿਖੀਆਂ ਜਾਣ ਲੱਗੀਆਂ। ਇਕ ਤਰ੍ਹਾਂ ਨਾਲ ਸ਼ਿਵ ਕੁਮਾਰ ਜਿਉਂਦੇ ਜੀਅ ਮਿੱਥ ਬਣ ਗਿਆ। ਕਵਿਤਾ ਦੀ ਆਲੋਚਨਾ ਕਰਨ ਲੱਗਿਆਂ, ਕਵੀ ਦੇ ਜੀਵਨ ਨੂੰ ਫਰੋਲਣਾ ਕਿਤੇ ਨਾ ਕਿਤੇ ਮਨੋਵਿਗਿਆਨਕ ਵਿਧੀ ਰਹੀ ਹੈ ਪਰ ਸ਼ਿਵ ਦੀ ਬਹੁਤੀ ਆਲੋਚਨਾ ਇਸ ਦੁਆਲੇ ਹੀ ਘੁੰਮਦੀ ਰਹੀ। ਇਥੋਂ ਤਕ ਕਿ ਸ਼ਿਵ ਕੁਮਾਰ ਸਿਲੇਬਸਾਂ ਦਾ ਹਿੱਸਾ ਬਣ ਗਿਆ ਤਾਂ ਉਸ ਦੀ ਕਵਿਤਾ ਨੂੰ ਗੰਭੀਰਤਾ ਨਾਲ ਸਮਝਣ ਦੀ ਬਜਾਏ ਉਸ ਦੀ ਹਰ ਕਵਿਤਾ ਨੂੰ ਉਸ ਦੇ ਜੀਵਨ ਪ੍ਰਸੰਗਾਂ ਨਾਲ ਜੋੜ ਕੇ ਪੜ੍ਹਨ ਪੜ੍ਹਾਉਣ ਦਾ ਰਿਵਾਜ ਹੀ ਚੱਲ ਪਿਆ। ਸ਼ਿਵ ਕੁਮਾਰ ਦੀ ਬਿਰਹੋਂ ਨਹੀਂ ਉਸ ਦੀ ਮੌਤ ਵੀ ਅੰਮ੍ਰਿਤਾ ਪ੍ਰੀਤਮ ਨੇ ਹੀ ਰੋਮਾਂਚਕ ਬਣਾ ਦਿੱਤੀ। ਅੰਮ੍ਰਿਤਾ ਲਿਖਦੀ ਹੈ :

*"ਥੋੜ੍ਹੇ ਦਿਨਾਂ ਦੀ ਗੱਲ ਹੈ ਸ਼ਿਵ ਆਪਣੀ ਅੱਧੀ ਜਿਹੀ ਜਾਨ ਨੂੰ ਧਰੀਕਦਾ ਮੇਰੇ ਕੋਲ ਆਇਆ "ਦੀਦੀ ਇਕ ਖਬਰ ਸੁਣੀ ਏ! ਕੀ? ਸ਼ਿਵ ਨੇ ਤੀਲੀਆਂ ਦੀ ਡੱਬੀ ਮੰਗੀ ਅਤੇ ਬੋਝੇ ਵਿਚੋਂ ਸਿਗਰਟ ਕੱਢ ਕੇ ਬੋਲਿਆ "ਅਸਾਂ ਤਾ ਜੋਬਨ ਰੁੱਤੇ ਮਰਨਾ, ਮੁੜ ਜਾਣਾ ਅਸਾਂ ਭਰੇ ਭਰਾਏ, ਹਿਜ਼ਰ ਤੇਰੇ ਦੀ ਕਰ ਪ੍ਰਕਰਮਾ"। ਜੋਬਨ ਰੁੱਤੇ ਮਰਨ ਦੀ ਖ਼ਬਰ ਤੂੰ ਕੀਹਦੇ ਕੋਲੋਂ ਸੁਣੀ ਏ ਸ਼ਿਵ? ਸ਼ਿਵ ਨੇ ਇਸ ਗੱਲ ਦਾ ਵੀ ਜਵਾਬ ਨਾ ਦਿੱਤਾ ਤੇ ਉਹ ਇਕ ਲੋਰ ਵਿਚ ਬੋਲਿਆ,*

*"ਜੋਬਨ ਰੁੱਤੇ ਜੋ ਵੀ ਮਰਦਾ*
*ਫੁੱਲ ਬਣੇ ਜਾਂ ਤਾਰਾ*
*ਫੇਰ ਹੁਣ ਤੂੰ ਕੀ ਸੋਚਦਾ ਏਂ?*

*ਏਹੋ ਹੀ ਸੋਚਨਾ ਵਾਂ ਦੀਦੀ ਕਿ ਇਸ ਰੁੱਤੇਂ ਮਰ ਜਾਵਾਂ ਤੇ ਮਰ ਕੇ ਇਕ ਤਾਰਾ ਬਣ ਜਾਵਾਂ। ਉਹ ਮੈਨੂੰ ਧਰਤੀ ਉਤੇ ਨਹੀਂ ਵੇਖਦੀ। ਖੌਰੇ ਅਸਮਾਨਾਂ ਉਤੇ ਵੇਖ ਲਏਗੀ। ਮੈਂ ਉਹ ਤਾਰਾ ਬਣਾਂਗਾ। ਜਿਹੜਾ ਆਥਣ ਵੇਲੇ ਸਭ ਤੋਂ ਪਹਿਲਾਂ ਦਿਸਦਾ ਏ।"*

ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਵੱਲੋਂ ਇਸ ਸਵੈ ਸਿਰਜੇ ਬਿੰਬ ਨੇ ਸ਼ਿਵ ਨੂੰ ਪ੍ਰਸਿੱਧੀ ਵੀ ਦਿਵਾਈ ਅਤੇ ਉਸ ਦੀ ਸੀਮਾ ਵੀ ਨਿਰਧਾਰਤ ਕਰ ਦਿੱਤੀ। ਉਸ ਦੀਆਂ ਬੇਸ਼ੁਮਾਰ ਕਾਵਿਕ ਸੰਭਾਵਨਾਵਾਂ ਨੂੰ ਬਿਰਹਾ ਦੇ ਸੰਗਲ ਨੇ ਨੂੜ ਲਿਆ ਅਤੇ ਉਸ ਦੀ ਕਾਵਿਕ ਉਡਾਣ ਨੂੰ ਮੌਤਮੁਖਤਾ ਨੇ ਮਾਰ ਦਿੱਤਾ। ਸ਼ਿਵ ਕੁਮਾਰ ਦੇ ਦੋ ਕਿਸਮ ਦੇ ਕਾਵਿ ਆਲੋਚਕ ਹੋਏ ਹਨ। ਇਕ ਉਹ ਜਿਹੜੇ ਉਸ ਦੀ ਨਿਰੋਲ ਜਿਸਮਾਨੀ ਪਿਆਰ ਦੇ ਬਿਰਹੋਂ ਤਕ ਸੀਮਤ ਰਹਿਣ ਕਾਰਨ ਆਲੋਚਨਾ ਕਰਦੇ ਹਨ ਅਤੇ ਦੂਸਰੇ ਉਹ ਜਿਹੜੇ ਉਸ ਦੀ ਇਸ ਸੀਮਾ ਉਪਰ ਦੁੱਖ ਪਰਗਟ ਕਰਦਿਆਂ ਉਸ ਦੀਆਂ ਸੰਭਾਵਨਾਵਾਂ ਨੂੰ ਮਰਦਿਆਂ ਦੇਖ ਕੇ ਰੁਦਨ ਪਰਗਟ ਕਰਦੇ ਹਨ। ਅੱਜ ਉਸ ਦੀ ਕਾਵਿ ਰਚਨਾ ਦੀ ਅੱਧੀ ਸਦੀ ਬੀਤਣ ਪਿੱਛੋਂ ਉਸ ਦੀ ਰਚਨਾ ਨੂੰ ਜੀਵਨ ਪ੍ਰਸੰਗਾਂ ਤੋਂ ਵਿਛੁੰਨ ਕੇ ਨਿਰੋਲ ਕਾਵਿ ਵਜੋਂ ਵਿਚਾਰਨ ਦੀ ਜ਼ਰੂਰਤ ਹੈ। ਬਹੁਤ ਸਾਰੇ ਆਲੋਚਕਾਂ ਨੇ ਇਸ ਪਾਸੇ ਵੱਲ ਧਿਆਨ ਵੀ ਦਿਵਾਇਆ ਹੈ। ਡਾ. ਬੀ.ਐਸ.ਰਤਨ ਲਿਖਦੇ ਹਨ :

*"ਸ਼ਿਵ ਦੀ ਕਵਿਤਾ ਨੂੰ ਉਸ ਉਪਰ ਥੋਪੇ ਇਸੇ ਰੂਪ(ਮੁਖੌਟੇ) ਨਾਲ ਜੋੜ ਕੇ ਪੜ੍ਹਨਾ, ਸਮਝਣਾ ਤੇ ਭੋਗਣਾ, ਇਹੀ ਪਾਠਕਾਂ, ਸਰੋਤਿਆਂ ਦੀ ਕਾਰ ਹੋ ਗਈ। ਜਦੋਂ ਸ਼ਿਵ ਨੂੰ ਆਪਣੇ ਬਾਰੇ ਘੜੇ ਗਏ ਇਸ ਮੁਖੌਟੇ-ਨੁਮਾ ਰੂਪ ਦੀ ਸਮਝ ਆਈ, ਤੇ ਇਸ ਨਾਲ ਆਪਣੀ ਸਿਰਜਣਾਤਮਕ ਕਿਰਿਆ ਦੇ ਅਣਗੌਲੇ ਜਾਣ ਦਾ ਆਭਾਸ ਜਾਗਿਆ, ਤਾਂ ਬਹੁਤ ਨੁਕਸਾਨ ਹੋ ਚੁੱਕਾ ਸੀ। ਨੁਕਸਾਨ ਇਉਂ ਕਿ ਉਸਦੀਆਂ ਬੇਅੰਤ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਸ ਨਾਲ ਜੁੜਿਆ ਮੁਖੌਟੀ ਪ੍ਰਭਾਵ ਉਸਦੀ ਅਸਲੀ ਕਾਵਿ ਪ੍ਰਾਪਤੀ ਨੂੰ ਨਜ਼ਰ ਅੰਦਾਜ਼ ਕਰਨ ਦਾ ਬਾਇਸ ਹੀ ਬਣਿਆ ਰਿਹਾ। ਹਾਲੇ ਤੀਕ ਇਹ ਤਰਜ਼ੇ-ਬਿਆਨ ਆਮ ਲੁਕਾਈ ਦੀ ਮਾਨਸਿਕਤਾ ਵਿਚ ਕਾਇਮ ਹੈ। ਆਲੋਚਕਾਂ ਨੇ ਸ਼ਿਵ ਕੁਮਾਰ ਦੀ ਕਵਿਤਾ ਦੀ ਅਸਲੀ ਨੁਹਾਰ ਨੂੰ ਸਮਝਣ/ਸਮਝੌਣ ਦੀ ਥਾਂ ਵੀ ਸਿਰਫ਼ ਉਸਦੇ ਇਕ ਰੋਣ ਧੋਣ ਵਾਲੇ ਅਤੇ ਆਸ਼ਕੀ ਵਿਚ ਟੁੱਟੇ ਹੋਏ ਕਵੀ ਹੋਣ ਦੇ ਪ੍ਰਭਾਵ ਨੂੰ ਹੀ ਜਾਰੀ ਰਹਿਣ ਦਿੱਤਾ ਹੈ। ਸ਼ਿਵ ਦੀ ਕਵਿਤਾ ਦੀ ਸੋਭਾ ਵੀ ਤੇ ਨਿੰਦਾ ਵੀ ਗਲਤ ਤੱਥਾਂ ਉਪਰ ਹੁੰਦੀ ਰਹੀ ਹੈ।"*

(ਸ਼ਿਵ ਕੁਮਾਰ ਬਟਾਲਵੀ(ਕਾਵਿ-ਵਿਗਾਸ), ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-9)

ਅਸਲ ਵਿਚ ਤਾਂ ਸ਼ਿਵ ਕੁਮਾਰ ਪ੍ਰਤਿਭਾਸ਼ੀਲ ਕਵੀ ਸੀ। ਉਸ ਸਮੇਂ ਪ੍ਰਗਤੀਸ਼ੀਲ ਅਤੇ ਪ੍ਰਯੋਗਵਾਦੀ ਧਾਰਾਵਾਂ ਦਾ ਦੌਰ ਚੱਲ ਰਿਹਾ ਸੀ ਪਰੰਤੂ ਸ਼ਿਵ ਨੇ ਕਵਿਤਾ ਦੇ ਸਦੀਆਂ ਪੁਰਾਣੇ ਵਿਸ਼ੇ ਪਿਆਰ ਅਤੇ ਪਿਆਰ ਦੇ ਵਿਚੋਂ ਵਿਯੋਗ ਤੇ ਬਿਰਹਾ ਨੂੰ ਆਧਾਰ ਬਣਾ ਕੇ ਪੰਜਾਬੀਆਂ ਦੇ ਮਨ ਪਸੰਦ ਕਾਵਿ ਰੂਪ ਗੀਤ ਵਿਚ ਪਰੋਇਆ ਅਤੇ ਖੁਦ ਕਵੀ ਦਰਬਾਰਾਂ ਵਿਚ ਤਰੰਨੁਮ ਨਾਲ ਗਾਇਆ। ਬਿਰਹੋਂ, ਪ੍ਰਗੀਤ ਅਤੇ ਅਵਾਜ਼ ਦੇ ਸੰਗਮ ਕਰਕੇ ਸ਼ਿਵ ਕੁਮਾਰ ਦੀ ਪ੍ਰਤਿਭਾ ਨੂੰ ਛੋਟੀ ਉਮਰ ਵਿਚ ਹੀ ਬਹੁਤ ਮਾਨਤਾ ਮਿਲ ਗਈ। ਇਸ ਪ੍ਰਸਿੱਧੀ ਦੇ ਨਾਲ ਹੀ ਉਸ ਦੀ ਕਵਿਤਾ ਵਿਚ ਮੌਜੂਦ ਬਿਰਹੋਂ ਦੇ ਕਾਰਨ ਜੀਵਨ ਦੇ ਨਿੱਜੀ ਇਸ਼ਕ ਅਨੁਭਵਾਂ ਵਿਚ ਤਲਾਸ਼ਣੇ ਸ਼ੁਰੂ ਹੋਏ। ਪ੍ਰਸਿੱਧੀ ਪ੍ਰਾਪਤ ਹੋ ਜਾਣ ਤੇ ਉਸ ਨੂੰ ਸ਼ਰਾਬ ਅਤੇ ਸਿਗਰਟ ਦੀ ਆਦਤ ਪੈ ਚੁੱਕੀ ਸੀ। ਦੁੱਖ ਦੀ ਗੱਲ ਇਹ ਹੈ ਕਿ ਉਸ ਦੇ ਇਸ਼ਕ, ਸ਼ਰਾਬ ਅਤੇ ਸਿਗਰਟ ਨੂੰ ਹੀ ਸਮੁੱਚਾ ਸ਼ਿਵ ਸਮਝ ਲਿਆ ਗਿਆ। ਇਸ ਦੇ ਓਹਲੇ ਸ਼ਿਵ ਦੀ ਅਸਲ ਪ੍ਰਤਿਭਾ ਗੁਆਚ ਗਈ ਅਤੇ ਉਹ ਲੋਕਾਂ ਵੱਲੋਂ ਸਿਰਜੇ ਬਿੰਬ ਦਾ ਹੀ ਕੈਦੀ ਹੋ ਗਿਆ। ਸ਼ਿਵ ਕੁਮਾਰ ਨੇ ਆਪਣੀ ਇਸ ਮਿਥ ਨੂੰ ਤੋੜਨ ਦੀ ਕਈ ਵਾਰ ਕੋਸ਼ਿਸ਼ ਵੀ ਕੀਤੀ। ਇਹ ਕੋਸ਼ਿਸ਼ ਕਦੇ ਪ੍ਰਗਤੀਸ਼ੀਲ ਮੁਹਾਵਰੇ ਦੀਆਂ ਕਵਿਤਾਵਾਂ ਲਿਖਣ ਵਿਚੋਂ ਵੀ ਉਜਾਗਰ ਹੁੰਦੀ ਹੈ ਅਤੇ ਕਦੇ ਇਹ ਉਸ ਦੇ ਮੂੰਹੋਂ ਇੰਟਰਵਿਊਆਂ ਵਿਚ ਵੀ ਫੁੱਟਦੀ ਰਹੀ ਹੈ ਪਰ ਉਹ ਆਪਣੇ ਦੁਆਲੇ ਵਲਿਆ ਜਾਲ ਤੋੜ ਨਾ ਸਕਿਆ। ਇਸ ਦਾ ਕਾਰਨ ਉਸ ਦਾ ਵੱਡਾ ਪ੍ਰਸੰਸਕ ਵਰਗ ਸੀ ਜੋ ਉਸ ਤੋਂ ਉਹੀ ਕੁਝ ਸੁਣਨਾ ਚਾਹੁੰਦਾ ਸੀ ਜੋ ਉਹ ਇਕ ਵਾਰ ਸੁਣਾ ਚੁੱਕਾ ਸੀ। ਉਹ ਇਸੇ ਲਈ ਹੀ ਉਸ ਨੂੰ ਕਵੀ ਦਰਬਾਰਾਂ ਤੇ ਬੁਲਾਉਂਦਾ ਸੀ, ਮਾਣ-ਭੱਤਾ ਦਿੰਦਾ ਸੀ ਅਤੇ ਉਸ ਦੇ ਹਜ਼ਾਰਾਂ ਨਖਰੇ ਸਹਿੰਦਾ ਸੀ।

ਜਿਸ ਤਰ੍ਹਾਂ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਸ਼ਿਵ ਕੁਮਾਰ ਆਪਣੇ ਆਲੇ ਦੁਆਲੇ ਬਣਦੀ ਮਿਥ ਅਤੇ ਆਪਣੇ ਕਾਇਮ ਹੋ ਚੁੱਕੇ ਬਿੰਬ ਨੂੰ ਤੋੜਨ ਦਾ ਉਪਰਾਲਾ ਕਰਦਾ ਰਹਿੰਦਾ ਸੀ। ਲੱਗਭਗ ਆਖਰੀ ਸਮੇਂ ਇੰਗਲੈਂਡ ਫੇਰੀ ਸਮੇਂ ਉਸ ਨੇ ਬੀ.ਸੀ.ਸੀ. ਨੂੰ ਇਕ ਇੰਟਰਵਿਊ ਦਿੱਤੀ। ਇਹ ਇੰਟਰਵਿਊ ਸ਼ਾਇਦ ਉਸ ਦੀ ਇਕੋ ਇਕ ਲਾਈਵ ਟੈਲੀਵਿਜ਼ਨ ਇੰਟਰਵਿਊ ਹੋਵੇ। ਅੱਜਕਲ੍ਹ ਇਹ ਯੂ.ਟਿਊਬ ਉਤੇ ਮੌਜੂਦ ਹੈ। ਇਹ ਇੰਟਰਵਿਊ ਮਹਿੰਦਰ ਕੌਲ ਨੇ ਹਿੰਦੀ ਵਿਚ ਕੀਤੀ ਸੀ। ਇਸ ਦਾ ਕੁਝ ਭਾਗ ਵਿਦਿਆਰਥੀਆਂ ਦੇ ਅਧਿਐਨ ਹਿਤ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਿਚ ਕੇਵਲ ਸ਼ਿਵ

ਕੁਮਾਰ ਵੱਲੋਂ ਦਿੱਤੇ ਉਤਰ ਸ਼ਾਮਲ ਹਨ। ਵਿਦਿਆਰਥੀ ਨੈਟ ਉਪਰ ਪੂਰੀ ਇੰਟਰਵਿਊ ਸੁਣ ਸਕਦੇ ਹਨ।

"ਸੀਧੀ ਸੀ ਬਾਤ ਹੈ ਕਿ ਕਵਿਤਾ ਜੋ ਹੈ ਵੋਹ ਇਕ ਹਾਦਸੇ ਸੇ ਪੈਦਾ ਨਹੀਂ ਹੋਤੀ, ਕੁਛ ਲੋਗੋਂ ਕਾ ਖਿਆਲ ਹੈ ਕਿ ਸ਼ਾਇਦ ਕਵਿਤਾ ਮੁਹੱਬਤ ਸੇ ਪੈਦਾ ਹੋਤੀ ਹੈ, ਕੁਛ ਲੋਗੋਂ ਕਾ ਖਿਆਲ ਹੈ ਕਿ ਕਵਿਤਾ ਫਰਸਟ੍ਰੇਸ਼ਨ ਸੇ ਪੈਦਾ ਹੋਤੀ ਹੈ, ਉਦਾਸੀ ਹੋ ਤਬ ਪੈਦਾ ਹੋਤੀ ਹੈ। ਮੇਰਾ ਖਿਆਲ ਹੈ ਮੇਰੇ ਮੇ ਜਬ ਕਵਿਤਾ ਪੈਦਾ ਹੂਈ, ਉਸ ਸਮੇਂ ਮੇਰੇ ਮੇਂ ਸਭ ਕੁਛ ਥਾ। ਸਭ ਸੇ ਪਹਿਲੀ ਜੋ ਹਿੰਦੁਸਤਾਨੀ ਜਿੰਦਗੀ ਮੇ ਜੋ ਬਾਤ ਹੈ ਵੋਹ ਯੇਹ ਹੈ ਕਿ ਵਹਾਂ ਕਲਾਸਿਜ਼ ਹੈਂ, ਸ੍ਰੇਣੀਆਂ ਹੈਂ, ਬਟੀ ਹੁਈ ਹੈਂ, ਉਨ ਮੇ ਕੋਈ ਲੋਅਰ ਮਿਡਲ ਕਲਾਸ ਕਾ ਹੈ, ਕੋਈ ਮਿਡਲ ਕਲਾਸ ਕਾ ਹੈ, ਉਨਕਾ ਦੁਖਾਂਤ ਹੈ। ਆਦਮੀ, ਹਰ ਬਾਪ, ਹਰ ਮਾਂ ਜੁਏ ਕੀ ਤਰ੍ਹਾਂ ਉਸ ਕੋ ਪੜਾਤੀ ਹੈ ਕਿ ਦਸ ਸਾਲ ਬਾਅਦ ਉਸ ਕੋ ਰਿਟਰਨ ਮਿਲੇਗੀ, ਵਾਪਸੀ ਮਿਲੇਗੀ। ਮੇਰੇ ਬਾਪ ਤਸੀਲਦਾਰ ਥੇ। ਉਨਕਾ ਵੀ ਯਹੀ ਖਿਆਲ ਥਾ। ਮੁਝੇ ਨਹੀਂ ਪਤਾ ਮੈਂ ਸ਼ਾਇਰ ਕਿਉਂ ਬਨ ਗਿਆ।

..........ਕਾਹੇ ਕੀ ਠੇਸ?..ਮਹਿੰਦਰਾ ਜੀ ਐਸਾ ਨਹੀਂ ਥਾ! ਨਾ ਤੋ ਮੁਹੱਬਤ ਕਾ ਫਰਕ ਰਹਾ, ਹਜ਼ਾਰੋਂ ਔਰਤੇਂ ਜ਼ਿੰਦਗੀ ਮੇਂ ਆਈ। ਉਨਕੋ ਸਵੀਕਾਰ ਹੀ ਨਹੀਂ ਕੀਆ। ਐਸੀ ਕਿਆ ਬਾਤ ਥੀ? ਮੁਝੇ ਕੋਈ ਦੁੱਖ ਨਹੀਂ ਹੈ, ਮੁਹੱਬਤ ਕਾ ਜਾਂ ਕੋਈ ਬਾਤ ਕਾ। .....ਜਿਤਨੀ ਸ਼ਾਇਦ ਮੁਝੇ ਮੁਹੱਬਤ ਮਿਲੀ ਹੈ ਪੰਜਾਬ ਕੇ ਕਿਸੀ ਸ਼ਾਇਰ ਕੋ ਨਹੀਂ ਮਿਲੀ। .....

...ਵੋਹ ਤਸਵੀਰ ਬਨੀ ਨਹੀਂ ਮੇਰੇ ਸੇ। ਕਭੀ ਵਾਲੋਂ ਸੇ, ਕਿਸੀ ਕੀ ਉਂਗਲੀਆਂ ਸੇ, ਕਿਸੀ ਕੇ ਹੋਠੋਂ ਸੇ, ਕਿਸੀ ਕੇ ਪੈਰੋਂ ਸੇ।

.........ਮੈਂ ਵੀ ਭਾਗਨਾ ਚਾਹਤਾ ਹੂੰ। ਆਪਨੇ ਆਪ ਸੇ ਦੂਰ, ਕਿਆ ਹੈ ? ਜ਼ਿੰਦਗੀ ਮੇਰਾ ਖਿਆਲ ਹੈ ਹਮ ਸਭ ਲੋਗ ਨਾ ਇਕ ਸਲੋ ਸੂਈਸਾਈਡ, ਇਕ ਅਰਾਮ ਸੇ ਮੌਤ ਮਰ ਰਹੇ ਲੋਗ ਹੈਂ। ਵਹੀ ਬਾਤ ਹੈ। ਯੇ ਹਰ ਇੰਟਲੈਕਚੂਆਲ ਕੇ ਸਾਥ ਹੋਗਾ ਜੋ ਵੀ ਬੌਧਿਕ ਹੈ, ਉਸ ਕੇ ਸਾਥ ਤੋ ਜੇ ਟ੍ਰੈਜ਼ਿਡੀ ਰਹੇਗੀ, ਦੁਖਾਂਤ ਰਹੇਗਾ। ਵੋ ਮਰ ਰਹਾ ਹੈ, ਹਰ ਪਲ। ਮੇਰਾ ਖਿਆਲ ਹੈ ਜਵਾਬ ਪੂਰਾ ਥਾ।

ਇਸ ਮੁਲਾਕਾਤ ਰਾਹੀਂ ਸ਼ਿਵ ਕੁਮਾਰ ਆਪਣੇ ਜੀਵਨ ਬਾਰੇ ਕੁਝ ਗੱਲਾਂ ਸਪਸ਼ਟ ਕਰ ਰਿਹਾ ਹੈ। ਸਭ ਤੋਂ ਪਹਿਲੀ ਗੱਲ ਉਹ ਆਪਣੀ ਕਵਿਤਾ ਵਿਚ ਮੌਜੂਦ ਇਸ਼ਕ ਵਿਯੋਗ ਦੇ ਬਿਰਹੋ ਨੂੰ ਨਿੱਜੀ ਜੀਵਨ ਨਾਲ ਜੋੜਨ ਦਾ ਖੰਡਨ ਕਰ ਰਿਹਾ ਹੈ। ਉਸ ਅਨੁਸਾਰ ਉਸ ਦੀ ਕਵਿਤਾ ਨਿੱਜੀ ਦੁੱਖ ਦੀ ਗਾਥਾ ਨਹੀਂ ਹੈ। ਉਸ ਨੂੰ ਜ਼ਿੰਦਗੀ ਵਿਚ ਭਰਪੂਰ ਮੁਹੱਬਤ ਮਿਲੀ ਹੈ। ਇਸ ਦੇ ਨਾਲ ਹੀ ਕਿਤੇ ਨਾ ਕਿਤੇ ਉਹ ਭਾਰਤੀ ਮੱਧਵਰਗੀ ਪਰਿਵਾਰਾਂ ਦੀ ਸੰਤਾਨ ਪ੍ਰਤੀ ਸੋਚ ਨੂੰ ਵੀ ਦਰਸਾ ਰਿਹਾ ਹੈ ਜਿਸ ਵਿਚ ਕਲਾ ਦੀ ਥਾਂ ਤੇ ਪੈਸੇ ਨੂੰ ਜਾਂ ਕਾਮਯਾਬੀ ਨੂੰ ਮਹੱਤਵ ਦਿੱਤਾ ਜਾਂਦਾ ਹੈ। ਇਸ ਮੁਲਾਕਾਤ ਵਿਚ ਉਹ ਆਪਣੀ ਮੌਤਮੁਖਤਾ ਨੂੰ ਵੀ ਬੌਧਿਕ ਆਧਾਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਸ ਮੁਲਾਕਾਤ ਦੇ ਵਿਚੋਂ ਪਤਾ ਚਲਦਾ ਹੈ ਕਿ ਸ਼ਾਇਦ ਸ਼ਿਵ ਕੁਮਾਰ ਆਪਣੇ ਬਿੰਬ ਨੂੰ ਬਦਲਣਾ ਚਾਹੁੰਦਾ ਸੀ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਉਹ ਜੋ ਕੁਝ ਸੀ, ਉਹ ਸੱਚ ਦੱਸਣਾ ਚਾਹੁੰਦਾ ਸੀ ਪਰੰਤੂ ਇਹ ਸੱਚ ਸ਼ਾਇਦ ਸਮਕਾਲ ਨੂੰ ਸਵੀਕਾਰ ਨਹੀਂ ਸੀ। ਅੱਜ ਜਦੋਂ ਸ਼ਿਵ ਕੁਮਾਰ ਦੇ ਜੀਵਨ ਅਤੇ ਰਚਨਾ ਤੋਂ ਸਮਾਂਵਿਥ ਵਧ ਗਈ ਹੈ ਤਾਂ ਉਸ ਨੂੰ ਉਸ ਦੀ ਰਚਨਾ ਦੇ ਪ੍ਰਸੰਗ ਵਿਚ ਨਵੇਂ ਸਿਰਿਉਂ ਪੜ੍ਹਨ ਦੀ ਜ਼ਰੂਰਤ ਹੈ। ਹੁਣ ਤਕ ਅਸੀਂ ਉਸ ਦੀ ਰਚਨਾ ਨੂੰ ਸ਼ਿਵ ਦੇ ਜੀਵਨ ਦੇ ਪ੍ਰਸੰਗ ਵਿਚ ਪੜ੍ਹਦੇ ਰਹੇ ਹਾਂ। ਇਸੇ ਕਾਰਨ ਹੀ ਉਸ ਦੀ ਕਾਵਿ ਰਚਨਾ ਦੇ ਸਰੋਕਾਰਾਂ ਨੂੰ ਸਮਾਜਿਕ ਸਰੋਕਾਰਾਂ ਤੋਂ ਵਿਰਵੇ ਕਰਕੇ ਉਸ ਦੇ ਨਿਜੀ ਸਰੋਕਾਰਾਂ ਨਾਲ ਜੋੜਿਆ ਜਾਂਦਾ ਰਿਹਾ ਹੈ। ਸ਼ਿਵ ਕੁਮਾਰ ਪੰਜਾਬੀ ਦਾ ਪ੍ਰਸਿੱਧ ਕਵੀ ਸੀ ਅਤੇ ਉਹ ਲੰਮੇ ਸਮੇਂ ਤੋਂ ਸਿਲੇਬਸਾਂ ਦਾ ਹਿੱਸਾ ਵੀ ਰਿਹਾ। ਉਸ ਉਪਰ ਬਹੁਤ ਕਾਵਿ ਆਲੋਚਨਾ ਮਿਲਦੀ ਹੈ। ਉਸ ਬਾਰੇ ਕੁਝ ਪੁਸਤਕਾਂ ਦਾ ਵੇਰਵਾ ਵਿਦਿਆਰਥੀਆਂ ਦੀ ਜਾਣਕਾਰੀ ਲਈ ਦਿੱਤਾ ਜਾ ਰਿਹਾ ਹੈ :

1. ਧਰਮਪਾਲ ਸਿੰਗਲ, ਸ਼ਿਵ ਕੁਮਾਰ ਦਾ ਕਾਵਿ-ਜਗਤ, ਨਿਊ ਬੁਕ ਕੰਪਨੀ, ਜਲੰਧਰ,1979
2. ਅਮਰ ਕੋਮਲ, ਸ਼ਿਵ ਕੁਮਾਰ ਦਾ ਕਾਵਿ ਲੋਕ, ਲਾਹੌਰ ਬੁਕ ਸ਼ਾਪ, ਲੁਧਿਆਣਾ, 1979
3. ਗੁਰਦਿਆਲ ਸਿੰਘ, ਸ਼ਿਵ ਕੁਮਾਰ : ਇਕ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ,1979
4. ਐਸ.ਕੁਲਦੀਪ(ਸੰਪਾ), ਬਿਰਹੋਂ ਦਾ ਮਸੀਹਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1980
5. ਪ੍ਰੀਤਮ ਸੈਨੀ, ਸ਼ਿਵ ਕੁਮਾਰ ਬਟਾਲਵੀ-ਚਿੰਤਨ ਤੇ ਕਲਾ, ਲਾਹੌਰ ਬੁਕ ਸ਼ਾਪ,ਲੁਧਿਆਣਾ,1983
6. ਸੀ.ਐਲ.ਨਾਰੰਗ, ਸ਼ਿਵ -ਇਕ ਸਾਹਿਤਕ ਸੀਮਖਿਆ, ਪੈਪਸੂ ਬੁਕ ਡੀਪੂ, ਪਟਿਆਲਾ,1983
7. ਜੀਤ ਸਿੰਘ ਸੀਤਲ, ਸ਼ਿਵ ਕੁਮਾਰ ਬਟਾਲਵੀ-ਜੀਵਨ ਤੇ ਰਚਨਾ, ਪੰਜਾਬੀ ਯੂਨੀ,1983
8. ਸੁਹਿੰਦਰਬੀਰ, ਸ਼ਿਵ ਕੁਮਾਰ ਦਾ ਕਾਵਿ-ਸੰਸਾਰ, ਅਕਾਲ ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ,1985
9. ਸੁਰਜੀਤ ਸਿੰਘ ਕੰਵਲ, ਸ਼ਿਵ ਕੁਮਾਰ ਕਾਵਿ ਵਿਚ ਬਿਰਹਾ, ਸੈਂਟਰਲ ਪਬਲਿਸ਼ਰਜ਼, ਲੁਧਿਆਣਾ,1987
10.ਗੁਰਚਰਨ ਸਿੰਘ ਅਰਸ਼ੀ(ਸੰਪਾ)ਲੂਣਾ-ਸਮੀਖਿਆ ਵਿਧੀਮੂਲਕ ਦ੍ਰਿਸ਼ਟੀ-ਬਿੰਦੂ, ਪੰਜਾਬੀ ਅਕੈਡਮੀ,ਦਿੱਲੀ,1989
11. ਅਮਰੀਕ ਸਿੰਘ ਪੂੰਨੀ,(ਸੰਪਾ)ਸ਼ਿਵ ਕੁਮਾਰ ਰਚਨਾ ਸੰਸਾਰ, ਪੰਜਾਬੀ ਅਕੈਡਮੀ,ਦਿੱਲੀ,1989
12. ਅੰਮ੍ਰਿਤਾ ਪ੍ਰੀਤਮ(ਸੰਪਾ), ਸ਼ਿਵ ਕੁਮਾਰ ਬਿਰਹਾ ਦਾ ਸੁਤਲਾਨ, ਭਾਰਤੀ ਰਾਸ਼ਟਰੀ ਸਾਹਿਤ ਅਕਾਦਮੀ,1993
13. ਬ.ਸ.ਰਤਨ, ਸ਼ਿਵ ਕੁਮਾਰ ਬਟਾਲਵੀ(ਕਾਵਿ ਵਿਗਾਸ), ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ,2006

## ਬਿਰਹਾ ਤੂ ਸੁਲਤਾਨ ਦੇ ਪ੍ਰਮੁੱਖ ਵਿਸ਼ੇ ਤੇ ਵਿਚਾਰਧਾਰਾ

ਸ਼ਿਵ ਕੁਮਾਰ ਨੂੰ ਅਕਸਰ ਬਿਰਹਾ ਦਾ ਕਵੀ ਆਖ ਕੇ ਵਡਿਆਇਆ ਜਾਂਦਾ ਹੈ ਅਤੇ ਉਸ ਦੀ ਵਿਸ਼ਿਆਂ ਦੀ ਸਾਰੀ ਵੰਨ-ਸੁਵੰਨਤਾ ਨੂੰ ਮਾਰ ਦਿੱਤਾ ਜਾਂਦਾ ਹੈ। ਜਦੋਂ ਅਸੀਂ ਸਮੁੱਚੇ ਸ਼ਿਵ ਕਾਵਿ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਸ਼ਿਵ ਕੁਮਾਰ ਬਿਰਹੋਂ ਦੇ ਕਵੀ ਹੋਣ ਦੇ ਨਾਲੋ ਨਾਲ ਵਸਲ, ਅਮਨ ਅਤੇ ਸੰਘਰਸ਼ ਦਾ ਕਵੀ ਵੀ ਹੈ ਅਤੇ ਉਸ ਦੀ ਵਿਚਾਰਧਾਰਾ ਕੇਵਲ ਰੋਮਾਂਸ ਤਕ ਸੀਮਤ ਨਹੀਂ ਸਗੋਂ ਉਹ ਪ੍ਰਗਤੀਵਾਦ ਅਤੇ ਅਸਤਿੱਤਵਵਾਦ ਤੋਂ ਵੀ ਪ੍ਰਭਾਵਿਤ ਹੈ। ਬਿਰਹਾ ਤੂ ਸੁਲਤਾਨ ਦਾ ਅਧਿਐਨ ਕਰਨ ਉਪਰੰਤ ਪਤਾ ਚਲਦਾ ਹੈ ਕਿ ਉਸ ਦੀ ਵਿਸ਼ਾ ਸਮੱਗਰੀ ਬਹੁਤ ਵਿਸ਼ਾਲ ਸੀ। ਪਾਠ ਦੇ ਅਗਲੇ ਹਿੱਸੇ ਵਿਚ ਅਸੀਂ ਬਿਰਹਾ ਤੂ ਸੁਲਤਾਨ ਦੇ ਵਖ ਵਖ ਵਿਸ਼ਿਆਂ ਦਾ ਅਧਿਐਨ ਕਰਾਂਗੇ।

### 1. ਬਿਰਹੋਂ

ਪਿਆਰ ਮੁਹੱਬਤ ਜਾਂ ਇਸ਼ਕ ਕਵਿਤਾ ਦਾ ਮੂਲ ਵਿਸ਼ਾ ਹੈ ਅਤੇ ਇਹ ਆਦਿ ਕਾਲ ਤੋਂ ਹੀ ਚੱਲਿਆ ਆ ਰਿਹਾ ਹੈ। ਪੰਜਾਬੀ ਕਵਿਤਾ ਵਿਚ ਬਿਰਹੋਂ ਦੇ ਦੋ ਰੂਪ ਮਿਲਦੇ ਹਨ। ਇਕ ਰੂਪ ਰੂਹਾਨੀ ਹੈ ਜਿਸ ਵਿਚ ਜੀਵਾਤਮਾ ਜਾਂ ਰੂਹ ਆਪਣੇ ਮੂਲ ਪਰਮਾਤਮਾ ਜਾਂ ਅਸਲੇ ਨੂੰ ਮਿਲਣ ਲਈ ਬਿਹਬਲ ਹੁੰਦੀ ਹੈ। ਮੱਧਕਾਲੀ ਕਵਿਤਾ ਖ਼ਾਸ ਕਰਕੇ ਗੁਰਮਤਿ ਅਤੇ ਸੂਫੀ ਕਵਿਤਾ ਵਿਚ ਇਹੀ ਰੂਪ ਮਿਲਦਾ ਹੈ। ਦੂਜਾ ਰੂਪ ਦੁਨਿਆਵੀ ਹੈ ਜਿਸ ਵਿਚ ਦੋ ਮੁਹੱਬਤ ਕਰਨ ਵਾਲਿਆਂ ਦੇ ਵਿਛੋੜੇ ਨੂੰ ਪੇਸ਼ ਕੀਤਾ ਜਾਂਦਾ ਹੈ। ਮੱਧਕਾਲੀ ਕਵਿਤਾ ਦੇ ਕਿੱਸਿਆਂ ਵਿਚ ਦੁਨਿਆਵੀ ਮੁਹੱਬਤ ਦਾ ਰੂਪ ਵੀ ਪੇਸ਼ ਹੋਇਆ ਹੈ। ਮੁਹੱਬਤ ਵਿਚ ਦੋ ਹੀ ਸਥਿਤੀਆਂ ਹੋ ਸਕਦੀਆਂ ਹਨ ਜਾਂ ਤਾਂ ਪਿਆਰਾ ਤੁਹਾਡੇ ਕੋਲ ਹੋ ਸਕਦਾ ਹੈ ਤੇ ਜਾਂ ਫਿਰ ਕਿਸੇ ਕਾਰਨ ਕਰਕੇ ਵਿਛੜਿਆ ਹੋ ਸਕਦਾ ਹੈ। ਵਿਛੜੇ ਪਿਆਰ ਦੇ ਵਿਛੋੜੇ ਦਾ ਦਰਦ ਹੀ ਬਿਰਹੋਂ ਹੈ। ਇਹ ਬਿਰਹੋਂ ਵੀ ਦੋ ਕਿਸਮ ਦੀ ਹੁੰਦੀ ਹੈ। ਇਕ ਅਜਿਹੀ ਬਿਰਹੋਂ ਜਿਸ ਵਿਚ ਪਿਆਰਾ ਕਿਸੇ ਆਰਥਿਕ, ਸਮਾਜਿਕ ਕਾਰਨ ਕਰਕੇ ਅਸਥਾਈ ਤੌਰ ਤੇ ਵਿਛੜਿਆ ਹੋਵੇ ਅਤੇ ਮੁੜ ਮੇਲ ਦੀ ਸੰਭਾਵਨਾ ਮੌਜੂਦ ਹੋਵੇ ਅਤੇ ਦੂਸਰੀ ਬਿਰਹੋਂ ਸਦੀਵੀ ਹੁੰਦੀ ਹੈ ਜਿੱਥੇ ਪਿਆਰਾ ਮੌਤ ਕਾਰਨ ਸਦੀਵੀ ਤੌਰ ਤੇ ਵਿਛੜ ਜਾਵੇ ਅਤੇ ਮੇਲ ਦੀ ਕੋਈ ਸੰਭਾਵਨਾ ਨਾ ਹੋਵੇ। ਕਵੀਆਂ ਨੇ ਦੋਹਾਂ ਤਰ੍ਹਾਂ ਦੀ ਬਿਰਹੋਂ ਦੇ ਭਾਵਾਂ ਨੂੰ ਚਿਤਰਿਆ ਹੈ। ਪੰਜਾਬੀ ਦੇ ਪਹਿਲੇ ਕਵੀ ਬਾਬਾ ਫਰੀਦ ਨੇ ਇਨ੍ਹਾਂ ਭਾਵਾਂ ਨੂੰ ਖੂਬ ਚਿਤਰਿਆ ਹੈ। ਉਸ ਦੇ ਕਾਵਿ ਵਿਚ ਰੂਹਾਨੀਅਤ ਅਤੇ ਦੁਨਿਆਵੀ ਭਾਵ ਇਕ ਦੂਜੇ ਨਾਲ ਘੁਲੇ ਮਿਲੇ ਰਹਿੰਦੇ ਹਨ। ਇਕ ਤਰ੍ਹਾਂ ਨਾਲ ਕਿੱਸਾ ਕਾਵਿ ਵਿਚ ਵੀ ਆਸ਼ਕ-ਮਾਸ਼ੂਕ ਦੇ ਵਿਛੋੜੇ ਨੂੰ ਵਾਰ ਵਾਰ ਚਿਤਰਿਆ ਮਿਲਦਾ ਹੈ।

ਸ਼ਿਵ ਕੁਮਾਰ ਕਾਵਿ ਵਿਚ ਬਿਰਹੋਂ ਦੀ ਇੰਤਹਾ ਹੈ। ਇਸ ਪ੍ਰਸੰਗ ਵਿਚ ਬਿਰਹਾ ਤੂ ਸੁਲਤਾਨ ਵਿਚੋਂ ਮਿਰਚਾਂ ਦੇ ਪੱਤਰ, ਸ਼ਰੀਂਹ ਦੇ ਫੁੱਲ, ਕੰਡਿਆਲੀ ਥੋਹਰ, ਇਕ ਗੀਤ ਹਿਜਰ ਦਾ, ਚੁੱਪ ਦੇ ਬਾਗੀਂ, ਹੰਝੂਆਂ ਦੀ ਛਬੀਲ, ਬਦਅਸੀਸ, ਗ਼ਮਾਂ ਦੀ ਰਾਤ, ਹੰਝੂਆਂ ਦੇ ਗਾਹ, ਯਾਰ ਦੀ ਮੜ੍ਹੀ ਤੇ , ਸ਼ਿਕਰਾ, ਬਿਰਹਾ, ਬਿਰਹਾ ਤੂ ਸੁਲਤਾਨ, ਮੈਨੂੰ ਵਿਦਾ ਕਰੋ, ਅਸਾਂ ਜੋਬਨ ਰੁੱਤੇ ਮਰਨਾ, ਮੈਂ ਕੱਲ੍ਹ ਨਹੀਂ ਰਹਿਣਾ ਆਦਿ ਰਚਨਾਵਾਂ ਪੜ੍ਹੀਆਂ ਜਾ ਸਕਦੀਆਂ ਹਨ। ਜੇ ਅਸੀਂ ਉਸ ਦੀਆਂ ਬਿਰਹੋਂ ਪ੍ਰਧਾਨ ਰਚਨਾਵਾਂ ਦਾ ਅਧਿਐਨ ਕਰੀਏ ਤਾਂ ਪਤਾ ਚਲਦਾ ਹੈ ਕਿ ਉਸ ਦੀਆਂ ਪਹਿਲੇ ਦੌਰ ਦੀਆਂ ਰਚਨਾਵਾਂ ਵਿਚ ਮਹਿਬੂਬ ਤੋਂ ਵਿਛੋੜੇ ਦੇ ਭਾਵ ਤੀਬਰ ਹਨ ਅਤੇ ਉਹ ਆਪਣੇ ਗ਼ਮਾਂ ਨੂੰ ਕਾਵਿ ਰੂਪ ਵਿਚ ਉਤਾਰਦਾ ਹੈ। ਇਸ ਪ੍ਰਕਾਰ ਦੇ ਕਾਵਿ ਵਿਚ ਆਪਣੀ ਕਿਸਮਤ ਜਾਂ ਆਪਣੇ ਆਲੇ-ਦੁਆਲੇ ਨੂੰ ਕੋਸਣਾ ਅਤੇ ਮਹਿਬੂਬ ਨੂੰ ਯਾਦ ਕਰਨਾ ਪ੍ਰਮੁੱਖ ਹੈ। ਦੂਜਾ ਉਸ ਦੇ ਕਾਵਿ ਦਾ ਉਹ ਪੜਾਅ ਹੈ ਜਦੋਂ ਉਹ ਗ਼ਮ ਨੂੰ ਸਦੀਵੀ ਜਾਣ ਮੌਤ ਮੁਖ ਹੋ ਜਾਂਦਾ ਹੈ ਅਤੇ ਆਪਣੀਆਂ ਰਚਨਾਵਾਂ ਵਿਚ ਮੌਤ ਨੂੰ ਮਿਲਣ ਦੀ ਗੱਲ ਕਰਦਾ ਹੈ। ਮਿਰਚਾਂ ਦੇ ਪੱਤਰ ਵਿਚ ਉਹ ਐਲਾਨ ਕਰਦਾ ਹੈ :

ਕਰਮਾਂ ਦੀ ਮਹਿੰਦੀ ਦਾ ਸੱਜਣਾ
ਰੰਗ ਕਿਵੇਂ ਦੱਸ ਚੜ੍ਹਦਾ ਵੇ
ਜੇ ਕਿਸਮਤ ਮਿਰਚਾਂ ਦੇ ਪੱਤਰ
ਪੀਠ ਤਲੀ ਤੇ ਲਾਏ ਵੇ
....... ........
ਤੜਪ ਤੜਪ ਕੇ ਮਰ ਗਈ ਅੜਿਆ
ਮੇਲ ਤੇਰੇ ਦੀ ਹਸਰਤ ਵੇ
ਐਸੇ ਇਸ਼ਕ ਦੇ ਜ਼ੁਲਮੀ ਰਾਜੇ

ਬਿਰਹੋਂ ਆਣ ਚਲਾਏ ਵੇ (ਬਿਰਹਾ ਤੂ ਸੁਲਤਾਨ, ਪੰਨਾ 17)

ਇਕ ਤਰ੍ਹਾਂ ਨਾਲ ਉਸ ਨੇ ਆਪਣੀ ਬਿਰਹੋਂ ਦੀ ਜ਼ਿੰਮੇਵਾਰੀ ਕਿਸਮਤ ਸਿਰ ਲਗਾਈ ਹੈ। ਉਸ ਨੂੰ ਆਪਣੇ ਦੁੱਖਾਂ ਦਾ ਕੋਈ ਅੰਤ ਨਹੀਂ ਦਿਖਾਈ ਦਿੰਦਾ, ਇਸ ਲਈ ਉਹ ਇਸ ਗਮ ਨੂੰ ਹੀ ਗਾਉਣ ਲੱਗ ਪੈਂਦਾ ਹੈ। ਉਸ ਦੀਆਂ ਕੁਝ ਰਚਨਾਵਾਂ ਵਿਚ ਬਿਰਹੋਂ ਦੇ ਕਾਰਨਾਂ ਦੀ ਕਿਤੇ ਨਾ ਕਿਤੇ ਝਲਕ ਮਿਲਦੀ ਹੈ ਕਿ ਉਹ ਮੁਹੱਬਤ ਵਿਚ ਕਿਸਮਤ ਜਾਂ ਸਮਾਜਿਕ ਹਲਾਤਾਂ ਕਾਰਨ ਨਾਕਾਮ ਹੋਇਆ ਹੈ ਪਰੰਤੂ ਉਸ ਦੀਆਂ ਬਹੁਤੀਆਂ ਰਚਨਾਵਾਂ ਵਿਚ ਗ਼ਮ, ਦੁੱਖ ਜਾਂ ਬਿਰਹੋਂ ਉਸ ਨੂੰ ਸੌਗ਼ਾਤ ਵਿਚ ਮਿਲਿਆ ਜਾਪਦਾ ਹੈ। ਉਸ ਦੀਆਂ ਕੁਝ ਰਚਨਾਵਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਾਵਿ ਨਾਇਕ ਆਪਣੀ ਪ੍ਰੇਮਿਕਾ ਤੋਂ ਵਿਛੜ ਗਿਆ ਹੈ। ਜਾਂ ਤਾਂ ਉਸ ਦੀ ਮੌਤ ਹੋ ਗਈ ਹੈ ਅਤੇ ਜਾਂ ਫਿਰ ਉਹ ਕਿਤੇ ਦੂਰ ਚਲੀ ਗਈ ਹੈ। ਕਿਤੇ ਕਿਤੇ ਅਜਿਹੇ ਝਲਕਾਰੇ ਵੀ ਮਿਲਦੇ ਹਨ ਕਿ ਸ਼ਾਇਦ ਉਸ ਦਾ ਵਿਆਹ ਕਿਸੇ ਹੋਰ ਵਿਅਕਤੀ ਨਾਲ ਹੋ ਗਿਆ ਹੈ।

ਉਸ ਦੀ ਗ਼ਜ਼ਲ ਦਾ ਸ਼ੇਅਰ ਹੈ :

ਜਾਚ ਮੈਨੂੰ ਆ ਗਈ ਗ਼ਮ ਖਾਣ ਦੀ
ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ
ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ
ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ (ਬਿਰਹਾ ਤੂ ਸੁਲਤਾਨ, ਪੰਨਾ - 54)

ਸ਼ਿਵ ਕਾਵਿ ਦਾ ਦੂਸਰਾ ਪੜਾਅ ਮੌਤ ਨਾਲ ਸਬੰਧਤ ਹੈ ਜਦੋਂ ਉਹ ਆਪਣੀ ਹਰ ਰਚਨਾ ਨੂੰ ਹੀ ਮੌਤ ਮੁਖ ਕਰ ਦਿੰਦਾ ਹੈ। ਉਸ ਦੀ ਇਸ ਮੌਤ-ਮੁਖ਼ਤਾ ਦੇ ਪਿੱਛੇ ਕਿਤੇ ਨਾ ਕਿਤੇ ਦੁੱਖ ਪ੍ਰਧਾਨ ਹੈ। ਇਹ ਮੌਤ-ਮੁਖਤਾ ਕਿਤੇ ਕਿਤੇ ਬਿਰਹੋਂ ਦੇ ਸੰਤਾਪ ਵਿਚੋਂ ਪੈਦਾ ਹੋਈ ਜਾਪਦੀ ਹੈ ਅਤੇ ਕਦੇ ਇਹ ਮਾਨਵ ਦੀ ਤੁੱਛਤਾ ਅਤੇ ਅਲਪਤਾ ਦੇ ਦਾਰਸ਼ਨਿਕ ਪ੍ਰਸੰਗਾਂ ਵਿਚੋਂ ਅਰਥ ਗ੍ਰਹਿਣ ਕਰਦੀ ਹੈ ਪਰ ਉਸ ਦੇ ਪਹਿਲੇ ਦੌਰ ਦੀਆਂ ਬਹੁਤੀਆਂ ਕਵਿਤਾਵਾਂ ਬਿਰਹੋਂ ਦੀ ਇੰਤਹਾ ਵਿਚੋਂ ਹੀ ਪੈਦਾ ਹੋਈਆਂ ਜਾਪਦੀਆਂ ਹਨ। ਮੈਨੂੰ ਵਿਦਾ ਕਰੋ ਦੀਆਂ ਬਹੁਤੀਆਂ ਰਚਨਾਵਾਂ ਇਸੇ ਭਾਵ ਦੀਆਂ ਹਨ।

ਮੈਨੂੰ ਵਿਦਾ ਕਰੋ ਰਾਮ
ਮੈਨੂੰ ਵਿਦਾ ਕਰੋ
ਕੋਸਾ ਹੰਝ ਸ਼ਗਨ ਪਾਓ ਸਾਨੂੰ
ਬਿਰਹੋਂ ਤਲੀ ਧਰੋ
ਮੈਨੂੰ ਵਿਦਾ ਕਰੋ (ਬਿਰਹਾ ਤੂ ਸੁਲਤਾਨ, ਪੰਨਾ 227)

ਇਹੀ ਭਾਵ ਅਸਾਂ ਤਾਂ ਜੋਬਨ ਰੁੱਤੇ ਮਰਨਾ ਵਿਚ ਕੁਝ ਇਸ ਤਰ੍ਹਾਂ ਕੱਥਿਆ ਹੈ :

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜ਼ਰ ਤੇਰੇ ਦੀ ਕਰ ਪ੍ਰਕਰਮਾ
ਅਸਾਂ ਤਾਂ ਜੋਬਨ ਰੁੱਤੇ ਮਰਨਾ
ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਕ ਮਰਦੇ
ਜਾਂ ਕੋਈ ਕਰਮਾਂਵਾਲਾ
ਜਾਂ ਉਹ ਮਰਨ
ਕਿ ਜਿਨ੍ਹਾਂ ਲਿਖਾਏ
ਹਿਜਰ ਧੁਰੋਂ ਵਿਚ ਕਰਮਾਂ
ਹਿਜਰ ਤੁਹਾਡਾ ਅਸਾਂ ਮੁਬਾਰਿਕ
ਨਾਲ ਬਹਿਸ਼ਤੀਂ ਖੜਨਾ(ਬਿਰਹਾ ਤੂ ਸੁਲਤਾਨ, ਪੰਨਾ 237)

ਸ਼ਿਵ ਕਾਵਿ ਦੀ ਇਕ ਹੋਰ ਖ਼ਾਸੀਅਤ ਹੈ ਕਿ ਉਹ ਜ਼ਿੰਦਗੀ ਦੇ ਹਰ ਪੜਾਅ, ਹਰ ਕਿਰਿਆ ਨੂੰ ਆਪਣੇ ਗ਼ਮ ਦਾ ਵਾਹਨ ਬਣਾ ਲੈਂਦਾ ਹੈ, ਉਸ ਨੇ ਜ਼ਿੰਦਗੀ ਦੀਆਂ ਲੱਗਭਗ ਸਾਰੀਆਂ ਹੀ ਕਿਰਿਆਵਾਂ ਖ਼ਾਸ ਕਰਕੇ ਖੁਸ਼ੀ ਦੀਆਂ ਰਸਮਾਂ ਰਿਵਾਜਾਂ ਨੂੰ ਉਲਟਾ ਕੇ ਆਪਣੇ ਗ਼ਮ ਨੂੰ ਪ੍ਰਗਟ ਕਰਨ ਲਈ

ਵਰਤਿਆ ਹੈ। ਇਹ ਚਾਹੇ ਪਿੰਡ ਵਿਚ ਭੱਠੀ ਵਾਲੀ ਦੇ ਦਾਣੇ ਭੁੰਨਣ ਦਾ ਦ੍ਰਿਸ਼ ਹੋਵੇ ਅਤੇ ਚਾਹੇ ਇਹ ਵਿਆਹ ਸਮੇਂ ਲਾੜੇ ਦੀ ਨਾਈਧੋਈ ਦੀ ਰਸਮ ਹੋਵੇ ਅਤੇ ਚਾਹੇ ਇਹ ਬਾਗ ਵਿਚ ਰਾਖੀ ਦਾ ਕਾਰਜ ਹੋਵੇ, ਉਸ ਨੇ ਲੱਗਭਗ ਜ਼ਿੰਦਗੀ ਦੇ ਹਰ ਪਸਾਰ ਨੂੰ ਹੀ ਆਪਣੇ ਗ਼ਮ ਦਾ ਜ਼ਰੀਆ ਬਣਾ ਲਿਆ ਹੈ।

ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ!
ਭੱਠੀ ਵਾਲੀਏ ਚੰਬੇ ਦੀਏ ਡਾਲੀਏ!
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ (ਬਿਰਹਾ ਤੂ ਸੁਲਤਾਨ, ਪੰਨਾ 47)

ਆਧੁਨਿਕ ਪੰਜਾਬੀ ਕਵੀਆਂ ਵਿਚੋਂ ਸ਼ਿਵ ਕੁਮਾਰ ਬਿਰਹੋਂ ਦੇ ਸੁਲਤਾਨ ਵਜੋਂ ਪ੍ਰਸਿੱਧ ਹੋਇਆ ਹੈ। ਉਂਜ ਤਾਂ ਸਾਰੇ ਹੀ ਆਧੁਨਿਕ ਕਵੀਆਂ ਨੇ ਭਾਵੇਂ ਕਦੇ ਨਾ ਕਦੇ ਬਿਰਹੋਂ ਦੀਆਂ ਰਚਨਾਵਾਂ ਰਚੀਆਂ ਹਨ ਪਰੰਤੂ ਸ਼ਿਵ ਕੁਮਾਰ ਬਿਰਹੋਂ ਦੇ ਕਵੀ ਵਜੋਂ ਹੀ ਜਾਣਿਆ ਜਾਂਦਾ ਹੈ। ਸ਼ਾਇਦ ਇਹ ਆਕਾਰ ਨਹੀਂ ਸਗੋਂ ਮਿਆਰ ਸੀ ਜਿਸ ਕਾਰਨ ਉਹ ਬਿਰਹੋਂ ਦੇ ਕਵੀ ਵਜੋਂ ਪ੍ਰਸਿੱਧ ਹੋਇਆ। ਅਸਲ ਵਿਚ ਤਾਂ ਉਸ ਨੇ ਬਿਰਹਾ ਨੂੰ ਉਸ ਪੜਾਅ ਤੇ ਪਹੁੰਚਾ ਦਿੱਤਾ ਕਿ ਜਿੱਥੇ ਹਕੀਕੀ ਤੇ ਮਿਜਾਜ਼ੀ, ਤਨ ਤੇ ਮਨ, ਜ਼ਿੰਦਗੀ ਤੇ ਮੌਤ ਇਕ ਰੂਪ ਹੋ ਜਾਂਦੇ ਹਨ ਅਤੇ ਬਿਰਹਾ ਸ਼ਿਕਵਿਆਂ ਤੋਂ ਅੱਗੇ ਲੰਘ ਕੇ ਮਹਿਬੂਬ ਵੱਲੋਂ ਦਿੱਤੀ ਸੌਗਾਤ ਬਣ ਜਾਂਦੀ ਹੈ। ਇਕ ਤਰ੍ਹਾਂ ਨਾਲ ਇਹ ਗ਼ਮ ਦਾ ਜਸ਼ਨ ਬਣ ਜਾਂਦਾ ਹੈ।

**2. ਵਸਲ**

ਉਪਰ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਮੁਹੱਬਤ ਵਿਚ ਹਿਜ਼ਰ ਅਤੇ ਵਸਲ ਦੀਆਂ ਦੋ ਸਥਿਤੀਆਂ ਹੋ ਸਕਦੀਆਂ ਹਨ। ਪਿਆਰ ਕਾਵਿ ਵਿਚ ਵਸਲ ਦੀ ਸ਼ਾਇਰੀ ਵੀ ਮਿਲਦੀ ਹੈ। ਸ਼ਿਵ ਕੁਮਾਰ ਨੂੰ ਭਾਵੇਂ ਬਿਰਹੋਂ ਦਾ ਸੁਲਤਾਨ ਆਖਿਆ ਜਾਂਦਾ ਹੈ ਪਰ ਉਸ ਨੇ ਵਸਲ ਦੀਆਂ ਘੜੀਆਂ ਦਾ ਵੀ ਚਿਰਤਣ ਕੀਤਾ ਹੈ। ਉਸ ਦੀਆਂ ਅਜਿਹੀਆਂ ਰਚਨਾਵਾਂ ਵਿਚ ਮਹਿਕ, ਯਾਦ, ਮਹਿਕਾਂ ਨੂੰ ਮੈਂ ਗੋਡਣੇ ਥੀਂ ਜਾਵਾਂ, ਹੈਂ ਤੂੰ ਆਈ ਮੇਰੇ ਗਿਰਾਂ, ਜਿਥੇ ਇਤਰਾਂ ਦੇ ਵਗਦੇ ਨੇ ਚੋ, ਮੈਨੂੰ ਹੀਰੇ ਹੀਰੇ ਆਖੇ(ਗੀਤ), ਇਕ ਮੇਰੀ ਅੱਖ ਕਾਸ਼ਨੀ ਆਦਿ ਸ਼ਾਮਲ ਹਨ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ਼ਿਵ ਕੁਮਾਰ ਨੇ ਵਸਲ ਦੇ ਜਸ਼ਨਾਵੀ ਗੀਤ ਵੀ ਗਾਏ ਹਨ।

ਲਾਇਆ ਨੀ ਮੈਂ ਦਿਲ ਦੇ ਵਿਹੜੇ ਮਰੂਆ,
ਗੁੰਨੀ ਨੀ ਮੈਂ ਭਰ ਭਰ ਮਹਿਕ ਪਰਾਤਾਂ।
ਮੇਰੇ ਸਾਹੀਂ ਕੂਲ਼ ਵਗੇ ਨੀ ਅਜ ਨਸ਼ਿਆਂ ਦੀ,
ਪਿਆ ਮਾਰੇ ਨੀ ਦਰਿਆ ਮਦਰਾ ਦਾ ਠਾਠਾਂ।
ਹੋਇਆ ਨੀ ਮੇਰੇ ਦਿਲ ਵਿਚ ਚਾਨਣ ਹੋਇਆ,
ਮੈਥੋਂ ਮੰਗਣ ਆਈਆਂ ਖ਼ੈਰ ਨੀ ਅੱਜ ਪਰਭਾਤਾਂ (ਬਿਰਹਾ ਤੂ ਸੁਲਤਾਨ, ਪੰਨਾ 66)

ਆਮ ਕਰਕੇ ਵਸਲ ਦਾ ਸਮਾਂ ਥੋੜ੍ਹਾ ਅਤੇ ਬਿਰਹੋਂ ਸਦੀਵੀ ਹੁੰਦਾ ਹੈ ਪਰੰਤੂ ਵਸਲ ਵਿਚ ਇਕ ਉਤਸ਼ਾਹ ਅਤੇ ਉਮਾਹ ਹੁੰਦਾ ਹੈ ਜਿਹੜਾ ਉਨ੍ਹਾਂ ਘੜੀਆਂ ਨੂੰ ਸਦੀਵੀ ਬਣਾ ਦਿੰਦਾ ਹੈ। ਸ਼ਿਵ ਕੁਮਾਰ ਦੀਆਂ ਕੁਝ ਰਚਨਾਵਾਂ ਅਜਿਹੀਆਂ ਕਿ ਜਿਹੜੀਆਂ ਵਿਚ ਆਰੰਭ ਵਸਲ ਨਾਲ ਹੁੰਦਾ ਹੈ ਪਰ ਉਨ੍ਹਾਂ ਦਾ ਅੰਤ ਮੁੜ ਵਿਛੋੜੇ ਨਾਲ ਹੁੰਦਾ ਹੈ। ਜਾਂ ਕੁਝ ਰਚਨਾਵਾਂ ਅਜਿਹੀਆਂ ਹਨ ਕਿ ਜਿਹੜੀਆਂ ਦਾ ਆਰੰਭ ਬਿਰਹੋਂ ਨਾਲ ਹੁੰਦਾ ਹੈ ਪਰ ਉਸ ਰਚਨਾ ਵਿਚ ਬੀਤੇ ਦੀ ਵਸਲ ਸਮੇਂ ਦੀ ਯਾਦ ਵਿਦਮਾਨ ਹੁੰਦੀ ਹੈ। ਇੰਜ ਅਜਿਹੀਆਂ ਰਚਨਾਵਾਂ ਵਿਚ ਵਸਲ ਅਤੇ ਹਿਜ਼ਰ ਆਪਸ ਵਿਚ ਘੁਲੇ-ਮਿਲੇ ਨਜ਼ਰ ਆਉਂਦੇ ਹਨ।

ਇਹ ਕਿਸ ਦੀ ਅਜ ਯਾਦ ਹੈ ਆਈ!
ਚੰਨ ਦਾ ਲੌਂਗ ਬੁਰਜੀਆਂ ਵਾਲਾ,
ਪਾ ਕੇ ਨੱਕ ਵਿੱਚ ਰਾਤ ਹੈ ਆਈ!
ਪੁਤ੍ਰ ਪਲੇਠੀ ਦਾ ਮੇਰਾ ਬਿਰਹਾ,
ਫਿਰੇ ਚਾਨਣੀ ਕੁੱਛੜ ਚਾਈ! (ਬਿਰਹਾ ਤੂ ਸੁਲਤਾਨ, ਪੰਨਾ 72)

ਕਾਵਿ ਰਚਨਾ ਦਾ ਕਵੀ ਦੇ ਜੀਵਨ ਵਿਚ ਪਿਛੋਕੜ ਕੋਈ ਵੀ ਰਿਹਾ ਹੋਵੇ ਪਰ ਜਦੋਂ ਇਕ ਵਾਰ ਰਚਨਾ ਪਾਠਕ ਤਕ ਪਹੁੰਚ ਜਾਂਦੀ ਹੈ ਤਾਂ ਉਹ ਕਵੀ ਤੋਂ ਸੁਤੰਤਰ ਹੋ ਜਾਂਦੀ ਹੈ ਅਤੇ ਉਸ ਦੇ ਅਰਥ ਕਰਨ ਲਈ ਪਾਠਕ ਵੀ ਸੁਤੰਤਰ ਹੋ ਜਾਂਦਾ ਹੈ। ਸ਼ਿਵ ਕੁਮਾਰ ਦਾ ਇਕ ਬਹੁਤ ਹੀ ਪ੍ਰਸਿੱਧ ਗੀਤ "ਜਿਥੇ ਇਤਰਾਂ ਦੇ ਵਗਦੇ ਨੇ ਚੋ' ਜਾਣਕਾਰ ਦਸਦੇ ਹਨ ਕਿ ਉਹ ਪ੍ਰਸਿੱਧ ਨਾਟਕਕਾਰ ਅਤੇ ਰੰਗਕਰਮੀ ਜੋਗਿੰਦਰ ਬਾਹਰਲਾ ਲਈ ਲਿਖਿਆ ਹੋਇਆ ਹੈ।

3. ਅਮਨ

ਪ੍ਰਗਤੀਵਾਦੀ ਪੰਜਾਬੀ ਕਵਿਤਾ ਵਿਚ ਸਾਮਰਾਜ ਦਾ ਵਿਰੋਧ, ਸੋਸ਼ਣ ਦਾ ਵਿਰੋਧ ਅਤੇ ਅਮਨ ਦੇ ਪੱਖ ਦੀ ਗੱਲ ਕਰਨੀ ਤਿੰਨ ਮੁੱਖ ਵਿਸ਼ੇ ਸਨ। ਅਸਲ ਵਿਚ ਤਾਂ ਦੂਜੀ ਸੰਸਾਰ ਜੰਗ ਵਿਚ ਜਿੰਨਾ ਮਨੁੱਖਤਾ ਦਾ ਘਾਣ ਹੋਇਆ, ਖ਼ਾਸ ਕਰਕੇ ਪ੍ਰਮਾਣੂ ਬੰਬਾਂ ਨਾਲ ਵੱਡੀ ਪੱਧਰ ਤੇ ਬੇਦੋਸ਼ੀ ਜਨਤਾ ਮਾਰੀ ਗਈ। ਉਸ ਸਥਿਤੀ ਵਿਚ ਸੰਸਾਰ ਭਰ ਵਿਚ ਇਕ ਅਮਨ ਦੀ ਲਹਿਰ ਚੱਲੀ। ਇਸ ਅਮਨ ਲਹਿਰ ਦਾ ਅਸਰ ਪੰਜਾਬੀ ਕਵਿਤਾ ਨੇ ਵੀ ਕਬੂਲਿਆ। ਸ਼ਿਵ ਕੁਮਾਰ ਦੇ ਕਾਫੀ ਗੀਤ ਅਮਨ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ ਕੁਝ ਤਾਂ ਸਦੀਵੀ ਮਹੱਤਤਾ ਦੇ ਹਨ ਅਤੇ ਕੁਝ ਸਮਕਾਲੀ ਰਾਜਨੀਤਿਕ ਫੌਜੀ ਘਟਨਾਵਾਂ ਤੇ ਪ੍ਰਤੀਕਰਮ ਹਨ। ਉਦਾਹਰਨ ਵਜੋਂ ਚੀਨ ਦੇ ਹਮਲੇ ਸਮੇਂ ਉਸ ਦੀ ਲਿਖੀ ਕਵਿਤਾ ਜ਼ਖ਼ਮ ਨੂੰ ਦੇਖਿਆ ਜਾ ਸਕਦਾ ਹੈ :

ਸੁਣਿਉਂ ਵੇ ਕਲਮਾਂ ਵਾਲਿਉ
ਸੁਣਿਉਂ ਵੇ ਅਕਲਾਂ ਵਾਲਿਉ
ਸੁਣਿਉਂ ਵੇ ਹੁਨਰਾਂ ਵਾਲਿਉ
ਹੈ ਅੱਖ ਚੁਭੀ ਅਮਨ ਦੀ
ਆਇਉ ਵੇ ਫੂਕਾਂ ਮਾਰਿਉ
ਇਕ ਦੋਸਤੀ ਦੇ ਜ਼ਖ਼ਮ ਤੇ
ਸਾਂਝਾਂ ਦਾ ਲੋਗੜ ਬੰਨ੍ਹ ਕੇ
ਸਮਿਆਂ ਦੀ ਥੋਹਰ ਪੀੜ ਕੇ
ਦੁੱਧਾਂ ਦਾ ਛੱਟਾ ਮਾਰਿਉ
...... ......
ਇਖ਼ਲਾਕ ਦੀ ਅੱਡੀ ਤੇ ਮੁੜ
ਵਹਿਸ਼ਤ ਦਾ ਬਿਸੀਅਰ ਲੜ ਗਿਆ
ਇਤਿਹਾਸ ਦੇ ਇਕ ਬਾਬ ਨੂੰ
ਮੁੜ ਕੇ ਜਹਿਰ ਹੈ ਚੜ੍ਹ ਗਿਆ
ਸੱਦਿਓ ਵੇ ਕੋਈ ਮਾਂਦਰੀ
ਸਮਿਆਂ ਨੂੰ ਦੰਦਲ ਪੈ ਗਈ
ਸੱਦਿਓ ਵੇ ਕੋਈ ਜੋਗੀਆ
ਧਰਤੀ ਨੂੰ ਗਸ਼ ਹੈ ਪੈ ਗਈ
ਸੁੱਖੇ ਵੇ ਰੋਟ ਪੀਰ ਦੇ
ਪਿੱਪਲਾਂ ਨੂੰ ਤੰਦਾਂ ਕੱਚੀਆਂ
ਆਉ ਵੇ ਇਸ ਬਾਰੂਦ ਦੀ
ਵਰਮੀ ਤੇ ਪਾਈਏ ਲੱਸੀਆਂ
ਓ ਦੋਸਤੋ, ਓ ਮਹਿਰਮੋ
ਕਾਹਨੂੰ ਇਹ ਅੱਗਾਂ ਮੱਚੀਆਂ (ਬਿਰਹਾ ਤੂ ਸੁਲਤਾਨ, ਪੰਨਾ 214-15)

4. ਨਾਰੀ ਪੱਖ ਵਿਚ

ਮੱਧਕਾਲੀ ਸਾਹਿਤ ਵਿਚ ਗੁਰਬਾਣੀ ਨੂੰ ਛੱਡ ਕੇ ਬਾਕੀ ਰਚਨਾ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਔਰਤ ਦੀ ਭੰਡੀ ਕੀਤੀ ਗਈ ਹੈ ਤਾਂ ਇਸ ਦੇ ਉਲਟ ਆਧੁਨਿਕ ਸਾਹਿਤ ਵਿਚ ਲੱਗਭਗ ਹਰ ਕਵੀ ਨੇ ਹੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਾਰੀ ਦੇ ਪੱਖ ਦੀ ਗੱਲ ਕੀਤੀ ਹੈ। ਇਹ ਆਮ ਸਮਝਿਆ ਜਾਂਦਾ ਹੈ ਕਿ ਸ਼ਾਇਦ ਨਾਰੀ ਪੱਖ ਦੀ ਗੱਲ ਨਾਰੀ ਹੀ ਵਧੇਰੇ ਚੰਗੀ ਤਰ੍ਹਾਂ ਕਰ ਸਕਦੀ ਹੈ ਪਰ ਜਦੋਂ ਅਸੀਂ ਸ਼ਿਵ ਕੁਮਾਰ ਨੂੰ ਪੜ੍ਹਦੇ ਹਾਂ ਤਾਂ ਇਹ ਭਰਮ ਟੁੱਟ ਜਾਂਦਾ ਹੈ। ਸ਼ਿਵ ਕੁਮਾਰ ਨੇ ਨਾ ਕੇਵਲ ਲੂਣਾ ਲਿਖ ਕੇ ਨਾਰੀ ਉਪਰ ਲੱਗੇ ਸਦੀਆਂ ਦੇ ਲੱਗੇ ਦਾਗ ਨੂੰ ਧੋਣ ਦਾ ਯਤਨ ਕੀਤਾ ਹੈ ਸਗੋਂ ਉਸ ਨੇ ਨਾਰੀ ਦੇਹ ਦੇ ਮਰਦ ਵਾਂਗ ਹੀ ਕਾਮਨਾ ਪੱਖ ਨੂੰ ਸਾਹਮਣੇ ਲਿਆ ਕੇ ਉਸ ਨੂੰ ਇਨਸਾਨ ਦਾ ਦਰਜਾ ਦੇਣ ਦਾ ਯਤਨ ਕੀਤਾ ਹੈ। ਲੂਣਾਂ ਤੋਂ ਇਲਾਵਾ ਉਸ ਦੀਆਂ ਬਾਕੀ ਕਵਿਤਾਵਾਂ ਵਿਚ ਵੀ ਨਾਰੀ ਦੇ ਦਰਦ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸ ਪ੍ਰਸੰਗ ਵਿਚ ਉਸ ਦੀ ਲੂਣਾ, ਸ਼ੀਸ਼ੇ, ਗਰਭਵਤੀ ਵਰਗੀਆਂ ਰਚਨਾਵਾਂ ਵਿਸ਼ੇ

ਸ਼ ਰੂਪ ਵਿਚ ਵਾਚਣਯੋਗ ਹਨ। ਕਾਦਰਯਾਰ ਦੇ ਕਿੱਸੇ ਵਿਚ ਲੂਣਾ ਨੂੰ ਅਪਰਾਧੀ, ਪੂਰਨ ਨੂੰ ਮਜ਼ਲੂਮ, ਇੱਛਰਾਂ ਨੂੰ ਮਜ਼ਬੂਰ ਦਿਖਾਇਆ ਹੈ ਪਰੰਤੂ ਸਲਵਾਨ ਨੂੰ ਬਰੀ ਕੀਤਾ ਹੈ। ਇਸ ਦੇ ਉਲਟ ਸ਼ਿਵ ਨੇ ਆਪਣੀ ਰਚਨਾ ਵਿਚ ਸਲਵਾਨ ਨੂੰ ਅਪਰਾਧੀ, ਲੂਣਾਂ ਨੂੰ ਮਜ਼ਲੂਮ ਦਰਸਾ ਕੇ ਪ੍ਰਚੱਲਤ ਕਥਾ ਅੰਦਰ ਨਾਰੀ ਦ੍ਰਿਸ਼ਟੀ ਤੋਂ ਨਵਾਂ ਰੰਗ ਭਰਿਆ ਹੈ। ਇਸ ਦੀਆਂ ਪ੍ਰਸਿੱਧ ਸਤਰਾਂ ਹਨ :

ਪਿਤਾ ਜੇ ਧੀ ਦਾ ਰੂਪ ਹੰਢਾਵੇ
ਲੋਕਾ ਵੇ ! ਤੈਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚਰਿਤ੍ਰ ਹੀਣ ਕਵ੍ਹੇ ਕਿਉਂ ਜੀਭ ਜਹਾਨ ਦੀ।
ਚਰਿਤ੍ਰ ਹੀਣ ਤੇ ਤਾਂ ਕੋਈ ਆਖੇ
ਜੇ ਕਰ ਲੂਣਾਂ ਵੇਚੇ ਹਾਸੇ
ਪਰ ਜੇ ਹਾਣ ਨਾ ਲੱਭਣ ਮਾਪੇ
ਹਾਣ ਲੱਭਣ ਵਿਚ ਗੱਲ ਕੀ ਹੈ ਅਪਮਾਨ ਦੀ। (ਬਿਰਹਾ ਤੂ ਸੁਲਤਾਨ, ਪੰਨਾ -166)

ਸ਼ਿਵ ਕੁਮਾਰ ਰਚਿਤ ਸ਼ੀਸ਼ੋ ਵੀ ਲੱਗਭਗ ਲੂਣਾਂ ਵਰਗੀ ਹੀ ਰਚਨਾ ਹੈ ਜਿਸ ਵਿਚ ਇਕ ਗਰੀਬ ਮੁਜ਼ਾਰੇ ਦੀ ਧੀ ਸ਼ੀਸ਼ੋ ਨੂੰ ਜ਼ਮੀਨ ਦਾ ਮਾਲਕ ਜਾਗੀਰਦਾਰ ਧੱਕੇ ਨਾਲ ਵਿਆਹ ਕੇ ਲੈ ਜਾਂਦਾ ਹੈ ਪਰ ਸ਼ੀਸ਼ੋ ਇਸ ਅਨਜੋੜ ਵਿਆਹ ਤੋਂ ਦੁਖੀ ਹੋ ਕੇ ਪਿੰਜਰ ਬਣ ਮਰ ਜਾਂਦੀ ਹੈ। ਸ਼ਿਵ ਕੁਮਾਰ ਨੇ ਸ਼ੀਸ਼ੋ ਦੇ ਦੁੱਖ ਨੂੰ ਉਸ ਦੇ ਬਾਪ ਦੀ ਗਰੀਬੀ ਨਾਲ ਜੋੜ ਕੇ ਦਰਸਾਇਆ ਹੈ। ਸ਼ਾਇਰ ਸਪਸ਼ਟ ਰੂਪ ਵਿਚ ਲਿਖਦਾ ਹੈ ਕਿ ਸ਼ੀਸ਼ੋ ਦੇ ਦੁੱਖਾਂ ਦਾ ਕਾਰਨ ਉਸ ਦੇ ਬਾਪ ਦੀ ਗਰੀਬੀ ਹੈ :

ਪੁੰਨਿਆਂ ਦਾ ਚੰਨ ਵੇਖ ਰਿਹਾ ਸੀ,
ਚਾਨਣ ਆਏ ਮਕਾਣੇ !
ਪੌਣਾਂ ਦੇ ਗਲ ਲਗ ਲਗ ਰੋਵਣ,
ਸ਼ੀਸ਼ੋ ਨੂੰ ਮਰ ਜਾਣੇ !
ਅੱਗ ਮਘੇ ਸ਼ੀਸ਼ੋ ਦੀ ਮੜ੍ਹੀਏਂ,
ਲੋਗੜ ਵਾਂਗ ਪੁਰਾਣੇ !
ਉੱਠਦਾ ਧੂਆਂ ਬੁੱਲੀਆਂ ਟੇਰੇ,
ਵਾਕਣ ਬਾਲ ਅੰਞਾਣੇ !
ਰੋਂਦੇ ਰਹੇ ਸਿਤਾਰੇ ਅੰਬਰੀਂ,
ਫੂਹੜੀ ਪਾ ਨਿਮਾਣੇ।
ਸਾਰੀ ਰਾਤ ਰਿਹਾ ਚੰਨ ਬੈਠਾ,
ਸ਼ੀਸ਼ੋ ਦੇ ਸਰਹਾਣੇ !
ਸ਼ਾਲਾ ਬਾਂਝ ਮਰੀਵਣ ਮਾਪੇ,
ਢਿੱਡੋਂ ਭੁੱਖੇ ਭਾਣੇ !
ਉਸ ਘਰ ਜੰਮੇ ਨਾ ਕਾਈ ਸ਼ੀਸ਼ੋ,
ਜਿਸ ਘਰ ਹੋਣ ਨਾ ਦਾਣੇ ! (ਬਿਰਹਾ ਤੂ ਸੁਲਤਾਨ, ਪੰਨਾ-124)

ਸ਼ਿਵ ਕੁਮਾਰ ਕੇਵਲ ਲੂਣਾ, ਨੂਰਾਂ ਜਾਂ ਗਰਭਵਤੀ ਵਿਚ ਹੀ ਨਾਰੀ ਪੱਖੀ ਆਵਾਜ ਨਹੀਂ ਉਠਾਉਂਦਾ ਸਗੋਂ ਉਸ ਦੀਆਂ ਸਾਰੀਆਂ ਕਵਿਤਾਵਾਂ ਵਿਚ ਹੀ ਲੁਪਤ ਰੂਪ ਵਿਚ ਨਾਰੀ ਪ੍ਰਤੀ ਹਮਦਰਦੀ ਪਈ ਹੈ। ਅੱਜ ਜਦੋਂ ਵਿਅਕਤੀ ਖੱਟਣ ਕਮਾਉਣ ਲਈ ਘਰ ਤੋਂ ਬਣਵਾਸ ਲੈ ਲੈਂਦੇ ਹਨ ਤਾਂ ਉਸ ਸਥਿਤੀ ਨੂੰ ਉਸ ਨੇ ਮਿਥਿਹਾਸਕ ਪਾਤਰ ਰਾਮ ਸੀਤਾ ਦੀ ਕਥਾ ਨਾਲ ਤੁਲਨਾਉਂਦਿਆਂ ਕੁਝ ਇਸ ਤਰ੍ਹਾਂ ਲਿਖਦਾ ਹੈ :

ਮੈਂ ਬਨਵਾਸੀ ਮੈਂ ਬਨਵਾਸੀ
ਆਇਆ ਭੋਗਣ ਜੂਨ ਚੁਰਾਸੀ
ਕੋਈ ਲਛਮਣ ਨਹੀਂ ਮੇਰਾ ਸਾਥੀ

ਨਾ ਮੈਂ ਰਾਮ ਅਯੁੱਧਿਆ ਵਾਸੀ
....... ......
ਮੇਰੀ ਸੀਤਾ ਕਰਮਾਮਾਰੀ
ਉਹ ਨਹੀਂ ਕੋਈ ਜਨਕ ਦੁਲਾਰੀ
ਉਹ ਹੈ ਧੁਰ ਤੋਂ ਫਾਕਿਆਂ ਮਾਰੀ
ਪੀਲੀ ਪੀਲੀ ਮਾੜੀ ਮਾੜੀ
ਜੀਕਣ ਪੋਹਲੀ ਮਗਰੋਂ ਹਾੜੀ
ਪੋਲੇ ਪੈਰੀਂ ਤੁਰੇ ਵਿਚਾਰੀ
ਜਨਮ ਜਨਮ ਦੀ ਪੈਰੋਂ ਭਾਰੀ
ਹਾਏ ! ਗੁਰਬਤ ਦੀ ਉਚੀ ਘਾਟੀ
ਕੀਕਣ ਪਾਰ ਕਰੇਗੀ ਸ਼ਾਲਾ -
ਉਸ ਦੀ ਤ੍ਰੀਮਤ-ਪਨ ਦੀ ਡਾਚੀ ?
ਹਿੱਕ ਸੰਗ ਲਾ ਕੇ ਮੇਰੀ ਕਾਕੀ
ਇਹ ਮੈਂ ਅੱਜ ਕੀ ਸੋਚ ਰਿਹਾ ਹਾਂ
ਕਿਉਂ ਦੁਖਦੀ ਹੈ ਮੇਰੀ ਛਾਤੀ?
ਕਿਉਂ ਅੱਖ ਹੋ ਗਈ ਲੋਹੇ-ਲਾਖੀ !
ਮੈਂ ਉਸ ਦੀ ਅਗਨ ਪ੍ਰੀਖਿਆ ਲੈਸਾਂ !
ਨਹੀ, ਨਹੀਂ ਇਹ ਤਾਂ ਹੈ ਗੁਸਤਾਖੀ
ਉਸ ਅੱਗ ਦੇ ਵਿਚ ਉਹ ਸੜ ਜਾਸੀ (ਬਿਰਹਾ ਤੂ ਸੁਲਤਾਨ, ਪੰਨਾ-161)

**5. ਅਸਤਿੱਤਵੀ ਸੰਕਟ**

ਮਨੁੱਖ ਆਪਣੀ ਹੋਂਦ ਦੀ ਸਾਰਥਕਤਾ ਬਾਰੇ ਆਰੰਭ ਤੋਂ ਹੀ ਸੋਚਦਾ/ਵਿਚਾਰਦਾ ਆਇਆ ਹੈ। ਦਹਿ ਸਦੀਆਂ ਪਹਿਲਾਂ ਮਹਾਤਮਾ ਬੁੱਧ ਨੇ ਇਸ ਸੰਸਾਰ ਨੂੰ ਦੁੱਖਾਂ ਦਾ ਘਰ ਦੱਸਿਆ ਸੀ। ਉਸ ਨੇ ਇਨ੍ਹਾਂ ਦੁੱਖਾਂ ਦਾ ਕਾਰਨ ਤਲਾਸ਼ਣ ਦੀ ਲੋੜ ਤੇ ਜ਼ੋਰ ਦਿੱਤਾ ਸੀ ਕਿਉਂਕਿ ਜੇ ਕਾਰਨ ਦੂਰ ਹੋ ਜਾਵੇ ਤਾਂ ਦੁੱਖ ਵੀ ਦੂਰ ਹੋ ਜਾਣਗੇ। ਉਸ ਅਨੁਸਾਰ ਦੁੱਖਾਂ ਦਾ ਕਾਰਨ ਮਾਨਵੀ ਇੱਛਾਵਾਂ ਹਨ। ਇਸੇ ਲਈ ਉਸ ਨੇ ਮਾਨਵੀ ਇੱਛਾਵਾਂ ਉਪਰ ਸੰਜਮ ਦਾ ਪਹਿਰਾ ਬਿਠਾਉਣ ਦੀ ਗੱਲ ਕੀਤੀ ਸੀ। ਦੂਜੀ ਸੰਸਾਰ ਜੰਗ ਤੋਂ ਪਿੱਛੋਂ ਯੋਰਪ ਵਿਚ ਜਾਂ ਪਾਲ ਸਾਰਤਰ ਵਰਗਿਆਂ ਨੇ ਮਾਨਵੀ ਅਸਤਿੱਤਵ ਬਾਰੇ ਸੋਚਣਾ-ਵਿਚਾਰਨਾ ਸ਼ੁਰੂ ਕਰ ਦਿੱਤਾ। ਸੋਰੇਨ ਕਿਰਕੇਗਾਰਦ, ਅਲਬੇਅਰ ਕਾਮੂ, ਹਾਈਡਿਗਰ ਅਤੇ ਜਾਂ ਪਾਲ ਸਾਰਤਰ ਹੋਰਾਂ ਨੇ ਮਨੁੱਖੀ ਜ਼ਿੰਦਗੀ ਦੀ ਵਿਅਰਥਤਾ ਅਤੇ ਇਸ ਵਿਚ ਵਿਆਪਕ ਦੁੱਖ ਨੂੰ ਆਪਣੀਆਂ ਲਿਖਤਾਂ ਦਾ ਆਧਾਰ ਬਣਾਇਆ। ਪੱਛਮ ਵਿਚ ਚੱਲੀ ਇਸ ਅਸਤਿੱਤਵਵਾਦੀ ਲਹਿਰ ਦਾ ਪੰਜਾਬੀ ਸਾਹਿਤ ਉਪਰ ਸਿੱਧਾ ਅਤੇ ਅਸਿੱਧਾ ਦੋਹਾਂ ਤਰ੍ਹਾਂ ਦਾ ਪ੍ਰਭਾਵ ਪਿਆ। ਦੇਸ਼ ਦੀ ਆਜ਼ਾਦੀ ਨਾਲ ਮਾਨਵੀ ਮਨ ਅੰਦਰ ਜੋ ਉਤਸ਼ਾਹ ਅਤੇ ਉਮਾਹ ਪੈਦਾ ਹੋਇਆ, ਉਹ ਹੌਲੀ ਹੌਲੀ ਮਾਂਦਾ ਪੈਂਦਾ ਗਿਆ। ਜ਼ਿੰਦਗੀ ਦੀਆਂ ਸਮਾਜਿਕ ਅਤੇ ਆਰਥਿਕ ਤੰਗੀਆਂ ਦੇ ਨਾਲੋ ਨਾਲ ਉਸ ਦੇ ਮਨ ਅੰਦਰ ਵੀ ਕਈ ਤਰ੍ਹਾਂ ਦੇ ਦੁਵੰਦ ਪੈਦਾ ਹੋਣ ਲੱਗੇ। ਸ਼ਿਵ ਕਾਵਿ ਇਨ੍ਹਾਂ ਦੁਵੰਦਾਂ ਨੂੰ ਕਿਤੇ ਨਾ ਕਿਤੇ ਪੇਸ਼ ਕਰਦਾ ਹੈ। ਅਸਲ ਵਿਚ ਤਾਂ ਸ਼ਿਵ ਜ਼ਿੰਦਗੀ ਦੇ ਜਿਸ ਪ੍ਰਸਿੱਧੀ ਪ੍ਰਾਪਤ ਪੜਾਅ ਉਪਰ ਪਹੁੰਚ ਗਿਆ ਸੀ ਅਤੇ ਜਿਹੋ ਜਿਹੀ ਉਹ ਜ਼ਿੰਦਗੀ ਜੀਅ ਰਿਹਾ ਸੀ, ਉਸ ਵਿਚ ਬਹੁਤ ਦੁਵੰਦ ਸਨ। ਸ਼ਿਵ ਦਾ ਸੰਵੇਦਨਸ਼ੀਲ ਮਨ ਉਦਾਸ ਵੀ ਹੁੰਦਾ ਸੀ ਅਤੇ ਇਸ ਸਥਿਤੀ ਵਿਚੋਂ ਨਿਕਲਣ ਦੀ ਕੋਸ਼ਿਸ਼ ਵੀ ਕਰਦਾ ਸੀ। ਇਸ ਪ੍ਰਸੰਗ ਵਿਚ ਉਸ ਦੀਆਂ ਨਜ਼ਮਾਂ, ਕੰਧਾਂ, ਛੱਤਾਂ, ਰਾਖਦਾਨੀ, ਇਕ ਸ਼ਾਮ, ਅਜਨਬੀ ਆਦਿ ਪੜ੍ਹੀਆਂ ਜਾ ਸਕਦੀਆਂ ਹਨ। ਜਿਵੇਂ :

ਇਸ ਸਾਗਰ ਦੀਆਂ ਲਹਿਰਾਂ ਅੰਦਰ
ਮੇਰਾ ਬਚਪਨ ਅਤੇ ਜਵਾਨੀ
ਕੋਠਾ-ਕੁੱਲਾ ਸੱਭ ਰੁੜ੍ਹ ਜਾਂਦੈ !
ਸਾਹਵੀਂ ਕੰਧ ਤੇ ਬੈਠਾ ਹੋਇਆ
ਕੋਹੜ ਕਿਰਲੀਆਂ ਦਾ ਇਕ ਜੋੜਾ
ਮਗਰ ਮੱਛ ਦਾ ਰੂਪ ਵਟਾਉਂਦੈ!

ਮੇਰੇ ਵੱਲ ਵਧਦਾ ਆਉਂਦੈ !
ਇਕ ਬਾਂਹ ਤੇ ਇਕ ਲੱਤ ਖਾ ਜਾਂਦੈ
ਓਸ ਕਲੰਡਰ ਦੇ ਲੰਗੜੇ ਵੱਤ
ਮੈਂ ਹੀ ਹੋ ਜਾਂਦਾ ਮੁੜ ਲੰਗੜਾ
ਆਪਣੀ ਗੁਰਬਤ ਦੇ ਨਾਂ ਉਤੇ
ਮੰਗਦਾ ਫਿਰਦਾ ਦਮੜਾ ਦਮੜਾ !
ਫਿਰ ਮੇਰਾ ਸਾਹ ਸੁੱਕਣ ਲਗਦੈ
ਹੱਡ ਹੱਡ ਮੇਰਾ ਟੁੱਟਣ ਲਗਦੈ
ਮੋਈਆਂ ਇੱਲਾਂ ਕੰਨ-ਖਜੂਰੇ
ਅੱਕ ਦੇ ਟਿੱਡੇ ਛਪੜੀ ਕੂਰੇ
ਮੋਏ ਉੱਲੂ, ਮੋਏ ਕਤੂਰੇ
ਖੋਪੜੀਆਂ ਚਮਗਾਦੜ ਭੂਰੇ
ਓਸ ਕਲੰਡਰ ਵਾਲਾ ਲੰਗੜਾ
ਮੇਰੇ ਮੂੰਹ ਤੇ ਸੁੱਟਣ ਲਗਦੈ
ਗਲ ਮੇਰਾ ਫਿਰ ਘੁੱਟਣ ਲਗਦੈ
ਮੇਰਾ ਜੀਵਨ ਮੁੱਕਣ ਲਗਦੈ ! (ਬਿਰਹਾ ਤੂ ਸੁਲਤਾਨ, ਪੰਨਾ *149-50*)

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ਼ਿਵ ਕਾਵਿ ਵਿਚ ਭਾਵੇਂ ਬਿਰਹਾ ਪ੍ਰਧਾਨ ਹੈ ਪਰ ਉਸ ਨੇ ਬਿਰਹਾ ਦੇ ਨਾਲੋ ਨਾਲ ਜ਼ਿੰਦਗੀ ਦੀਆਂ ਹੋਰ ਸਮੱਸਿਆਵਾਂ ਅਤੇ ਪੱਖਾਂ ਨੂੰ ਵੀ ਆਪਣੇ ਕਾਵਿ ਸਰੋਕਾਰ ਬਣਾਇਆ ਹੈ ।

**ਸ਼ਿਵ ਦੀ ਵਿਚਾਰਧਾਰਾ**

ਜਦੋਂ ਅਸੀਂ ਸ਼ਿਵ ਕੁਮਾਰ ਦੀ ਵਿਸ਼ਾ ਸਮੱਗਰੀ ਨੂੰ ਪਹਿਲੀ ਨਜ਼ਰੇ ਵੇਖਦੇ ਹਾਂ ਤਾਂ ਉਹ ਬਿਰਹੋਂ ਪ੍ਰਤੀ ਰੋਮਾਂਟਿਕ ਵਿਚਾਰਧਾਰਾ ਦੀ ਉਪਜ ਜਾਪਦੀ ਹੈ ਪਰੰਤੂ ਜਦੋਂ ਅਸੀਂ ਉਸ ਦੀ ਸਮੁੱਚੀ ਰਚਨਾ ਦੀ ਵਿਚਾਰਧਾਰਾ ਨੂੰ ਪਕੜਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਉਹ ਰੋਮਾਂਟਿਕਤਾ ਤੋਂ ਯਥਾਰਥਕਤਾ ਵੱਲ ਸਫਰ ਕਰ ਰਿਹਾ ਸੀ । ਉਸ ਦੇ ਵਿਚਾਰਧਾਰਾ ਵਿਚ ਇਸ ਤਬਦੀਲੀ ਦਾ ਕਾਰਨ ਇਕ ਪਾਸੇ ਤਾਂ ਉਹ ਸਮਕਾਲੀ ਸਥਿਤੀਆਂ ਸਨ ਜਿਨ੍ਹਾਂ ਵਿਚ ਪਰੰਪਰਾ ਵਜੋਂ ਪ੍ਰਗਤੀਵਾਦ ਹਾਵੀ ਸੀ, ਸਮਕਾਲ ਵਿਚ ਪ੍ਰਯੋਗਸ਼ੀਲ ਲਹਿਰ ਚੱਲ ਰਹੀ ਸੀ ਜਿਸ ਦਾ ਅਧਾਰ ਮੁੱਖ ਰੂਪ ਵਿਚ ਆਧੁਨਿਕਵਾਦ ਅਤੇ ਖ਼ਾਸ ਕਰਕੇ ਪੱਛਮੀ ਪੂੰਜੀਵਾਦ ਦੇ ਪ੍ਰਤੀਕਰਮ ਵਜੋਂ ਪੈਦਾ ਹੋਇਆ ਅਸਤਿੱਤਵਵਾਦ ਸੀ । ਇਸੇ ਸਮੇਂ ਹੀ ਪ੍ਰਗਤੀਵਾਦ ਦੇ ਅਗਲੇ ਪੜਾਅ ਨਵ-ਪ੍ਰਗਤੀਵਾਦ ਜਾਂ ਜੁਝਾਰਵਾਦ ਦੀਆਂ ਧੁਨਾਂ ਸੁਣਾਈ ਦੇ ਰਹੀਆਂ ਸਨ । ਇਕ ਤਰ੍ਹਾਂ ਨਾਲ ਸਮਾਜ ਵਿਚ ਉਥਲ-ਪੁਥਲ ਚੱਲ ਰਹੀ ਸੀ । ਕਮਿਊਨਿਸਟਾਂ ਦੀ ਖੱਬੇ ਪੱਖੀ ਲਹਿਰ ਨਵੇਂ ਦੌਰ ਵਿਚ ਨਕਸਲਬਾੜੀ ਲਹਿਰ ਵਿਚ ਵਟ ਰਹੀ ਸੀ । ਇਸ ਦੇ ਨਾਲ ਹੀ ਲੋਕ ਆਜ਼ਾਦੀ ਤੋਂ ਪਿੱਛੋਂ ਦੇ ਨਾਇਕਾਂ ਤੋਂ ਬੇਮੁਖ ਹੋ ਰਹੇ ਸਨ । ਇਸ ਪ੍ਰਸੰਗ ਵਿਚ ਇਕ ਪਾਸੇ ਤਾਂ ਸ਼ਿਵ ਕੁਮਾਰ ਕਿਤੇ ਨਾ ਕਿਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਮੌਤ ਤੇ ਮਰਸੀਆ ਲਿਖਦਿਆਂ ਉਸ ਨੂੰ ਅਮਨਾਂ ਦਾ ਬਾਬਲ ਲਿਖਦਾ ਹੈ ਅਤੇ ਦੂਜੇ ਪਾਸੇ ਭਾਰਤ ਸਰਕਾਰ ਦੇ ਸੁਰੱਖਿਆ ਬਲਾਂ ਵੱਲੋਂ ਬੂਝਾ ਸਿੰਘ ਦੀ ਮੌਤ ਤੇ ਵੀ ਕਵਿਤਾਵਾਂ ਲਿਖਦਾ ਹੈ । ਇਸ ਤਰ੍ਹਾਂ ਜਾਪਦਾ ਹੈ ਕਿ ਉਸ ਦੀ ਸੋਚ ਸਿਆਸੀ ਯਥਾਰਥ ਨੂੰ ਸਮਝਣ ਤੋਂ ਅਸਮਰਥ ਹੈ । ਉਸ ਦੀ ਕਵਿਤਾ ਵਿਚਲਾ ਰੁਦਨ ਸਾਧਨਹੀਣ ਵਿਅਕਤੀ ਨੂੰ ਆਪਣਾ ਜਾਪਦਾ ਹੈ । ਉਹ ਇਸ ਨੂੰ ਵਿਗੋਚੇ ਦੇ ਗੀਤਾਂ ਵਜੋਂ ਲੈਂਦਾ ਹੈ । ਇਸੇ ਕਵਿਤਾ ਨੂੰ ਹੀ ਇਕ ਰੱਜਿਆ ਪੁੱਜਿਆ ਧਨਾਢ ਵਿਅਕਤੀ ਆਪਣੀ ਕਿਸੇ ਮਹਿਬੂਬ ਤੋਂ ਵਿਛੜਨ ਦੇ ਵਿਅਕਤੀਗਤ ਭਾਵਾਂ ਵਿਚ ਗ੍ਰਹਿਣ ਕਰਦਾ ਹੈ । ਉਨ੍ਹਾਂ ਹੀ ਕਵਿਤਾਵਾਂ ਨੂੰ ਮੱਧਵਰਗੀ ਵਿਅਕਤੀ ਆਪਣੀਆਂ ਊਣਤਾਵਾਂ ਅਤੇ ਅਪ੍ਰਾਪਤੀਆਂ ਦਾ ਮਿਲਿਆ ਜੁਲਿਆ ਰੁਦਨ ਸਮਝਦਾ ਹੈ । ਕਵਿਤਾ ਦਾ ਰੂਪਾਕਾਰ ਹੀ ਅਜਿਹਾ ਹੈ ਕਿ ਇਸ ਵਿਚ ਅਸਪਸ਼ਟ ਬਿੰਬ ਹੁੰਦੇ ਹਨ ਜਿਨ੍ਹਾਂ ਨੂੰ ਵਿਅਕਤੀ ਆਪਣੀ ਮਨੋਸਥਿਤੀ ਅਨੁਸਾਰ ਅਰਥ ਗ੍ਰਹਿਣ ਕਰਨ ਲਈ ਵਰਤਦਾ ਹੈ । ਇਸੇ ਲਈ ਸ਼ਿਵ ਕਾਵਿ ਪ੍ਰੋਲੇਤਾਰੀਆਂ, ਮੱਧਵਰਗੀਆਂ, ਜਾਗੀਰਦਾਰਾਂ ਅਤੇ ਸਰਮਾਏਦਾਰਾਂ ਵਿਚ ਇਕੋ ਜਿੰਨਾ ਪ੍ਰਚੱਲਤ ਹੈ ।

ਜੇ ਅਸੀਂ ਉਸ ਦੀ ਕਾਵਿ ਰਚਨਾ ਨੂੰ ਨਾਰੀਵਾਦ ਦੀ ਦ੍ਰਿਸ਼ਟੀ ਤੋਂ ਪਰਖੀਏ ਤਾਂ ਬਿਨਾ ਸ਼ੱਕ ਉਹ ਪੈਤਰਿਕ ਪ੍ਰਬੰਧ ਨੂੰ ਲਲਕਾਰਦਾ ਦਿਖਾਈ ਦਿੰਦਾ ਹੈ । ਅਜਿਹਾ ਉਹ ਸ਼ੀਸ਼ੇ ਵਰਗੀ ਕਵਿਤਾ ਵਿਚ ਜੇ ਕਰੁਣਾਮਈ ਢੰਗ ਨਾਲ ਚਿਤਰਦਾ ਹੈ ਤਾਂ ਲੂਣਾ ਵਿਚ ਹਮਲਾਵਰ ਹੋ ਜਾਂਦਾ ਹੈ । ਇਕ ਤਰ੍ਹਾਂ ਨਾਲ ਉਸ ਦੀ ਕਵਿਤਾ ਨੂੰ ਨਾਰੀਵਾਦੀ ਵੀ ਆਖਿਆ ਜਾ ਸਕਦਾ ਹੈ । ਸ਼ਿਵ ਕੁਮਾਰ ਦੀ ਰੋਮਾਂਟਿਕਤਾ ਇਨਕਲਾਬੀ ਹੈ ਕਿਉਂਕਿ ਇਹ ਨਾ ਕੇਵਲ ਜਾਤਾਂ, ਧਰਮਾਂ, ਇਲਾਕਿਆਂ ਦੇ ਬੰਧਨ ਤੋੜਦੀ ਹੈ ਸਗੋਂ ਇਹ ਮੂੰਹ-ਜ਼ੋਰ ਵੀ ਹੈ ਅਤੇ ਖ਼ਾਸ ਕਰਕੇ ਰਿਸ਼ਤਿਆਂ ਦੇ ਪ੍ਰਚੱਲਤ ਦੁਨਿਆਵੀ ਪ੍ਰਬੰਧ ਨੂੰ ਹਰ ਪੱਧਰ ਤੇ ਚੁਣੌਤੀ ਦਿੰਦੀ ਹੈ ।

## ਬਿਰਹਾ ਤੂ ਸੁਲਤਾਨ ਦਾ ਰੂਪਾਕਾਰਕ ਅਧਿਐਨ

ਬਿਰਹਾ ਤੂ ਸੁਲਤਾਨ ਸ਼ਿਵ ਕੁਮਾਰ ਦਾ 1964 ਵਿਚ ਛਪਿਆ ਪੰਜਵਾਂ ਕਾਵਿ ਸੰਗ੍ਰਹਿ ਹੈ ਜਿਸ ਵਿਚ ਕੁੱਲ 111 ਕਾਵਿ ਰਚਨਾਵਾਂ ਦਰਜ ਹਨ। ਇਨ੍ਹਾਂ ਵਿਚੋਂ 11 ਗੀਤ ਅਤੇ 5 ਗ਼ਜ਼ਲਾਂ ਅਤੇ ਬਾਕੀ ਹੋਰ ਕਵਿਤਾਵਾਂ ਹਨ। ਇਨ੍ਹਾਂ ਹੋਰ ਕਵਿਤਾਵਾਂ ਵਿਚ ਖੁੱਲ੍ਹੀਆਂ ਕਵਿਤਾਵਾਂ, ਛੰਦਬੱਧ ਕਵਿਤਾਵਾਂ ਅਤੇ ਬਿਰਤਾਂਤਕ ਕਵਿਤਾਵਾਂ ਸ਼ਾਮਲ ਹਨ। ਸ਼ਿਵ ਕੁਮਾਰ ਦੀ ਜ਼ਿਆਦਾ ਪ੍ਰਸਿੱਧੀ ਗੀਤ ਜਾਂ ਗੀਤਨੁਮਾ ਪ੍ਰਗੀਤਕ ਰਚਨਾਵਾਂ ਸਿਰਜਣ ਵਿਚ ਹੈ ਭਾਵੇਂ ਉਸ ਨੇ ਬਿਰਤਾਂਤ ਅਤੇ ਖੁੱਲ੍ਹੀਆਂ ਕਵਿਤਾਵਾਂ ਵੀ ਲਿਖੀਆਂ ਹਨ। ਅਸਲ ਵਿਚ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਵਿਚ ਪੰਜਾਬ ਦੇ ਪਹਾੜੀ ਇਲਾਕੇ ਦੇ ਲੋਕਗੀਤ ਅਤੇ ਸਟੇਜੀ ਕਵਿਤਾ ਦੀ ਛੰਦਬੱਧ ਰਵਾਨਗੀ ਅਤੇ ਆਧੁਨਿਕ ਕਵਿਤਾ ਦੀ ਪ੍ਰਗੀਤਕ ਧੁਨ ਰਲੀਮਿਲੀ ਰਹਿੰਦੀ ਹੈ। ਉਹ ਬਰਕਤ ਰਾਮ ਯੁਮਨ ਦਾ ਸ਼ਾਗਿਰਦ ਹੀ ਨਹੀਂ ਸੀ ਸਗੋਂ ਖੁਦ ਵੀ ਸਟੇਜ ਦਾ ਧਨੀ ਸੀ। ਉਹ ਆਪਣੀ ਕਵਿਤਾ ਨੂੰ ਜਦੋਂ ਕੰਨ ਤੇ ਹੱਥ ਧਰ ਅੱਖਾਂ ਬੰਦ ਕਰ ਸੋਜ਼ਮਈ ਅਵਾਜ ਵਿਚ ਗਾਉਂਦਾ ਤਾਂ ਸਰੋਤਿਆਂ ਅੰਦਰ ਇਕ ਸਰੋਦ ਦੀ ਧਾਰਾ ਉਤਪੰਨ ਹੋ ਜਾਂਦੀ ਸੀ। ਉਸ ਦੀ ਕਵਿਤਾ ਵਿਚ ਪਰੰਪਰਿਕ ਰੂਪਾਕਾਰਕ ਹੱਦਬੰਦੀਆਂ ਟੁੱਟਦੀਆਂ ਰਹੀਆਂ ਅਤੇ ਨਵੇਂ ਰੂਪਾਕਾਰਕ ਪਸਾਰ ਪੈਦਾ ਹੁੰਦੇ ਰਹੇ। ਉਸ ਦੀ ਇਸੇ ਖ਼ਾਸੀਅਤ ਕਾਰਨ ਉਸ ਦੀ ਹਰ ਰਚਨਾ ਹੀ ਗੀਤ ਬਣ ਜਾਂਦੀ ਭਾਵੇਂ ਉਹ ਪਰੰਪਰਿਕ ਰੂਪਾਕਾਰਕ ਪੱਖ ਤੋਂ ਗੀਤ ਨਾ ਵੀ ਹੁੰਦੀ। ਹਥਲੇ ਪਾਠ ਵਿਚ ਅਸੀਂ ਸਭ ਤੋਂ ਪਹਿਲਾਂ ਸ਼ਿਵ ਕੁਮਾਰ ਦੇ ਚੁਣੇ ਹੋਏ ਰੂਪਾਕਾਰਾਂ ਬਾਰੇ ਵਿਚਾਰ ਕਰਾਂਗੇ।

**ਗੀਤ**

ਗੀਤ ਪੰਜਾਬੀ ਦਾ ਹਰਮਨ ਪਿਆਰਾ ਕਾਵਿ ਰੂਪ ਹੈ। ਗੀਤ ਸ਼ਬਦ ਦਾ ਮੂਲ ਸੰਸਕ੍ਰਿਤ ਦੀ ਗੇਯ ਧਾਤੂ ਹੈ ਜਿਸ ਦਾ ਅਰਥ ਗਾਉਣਾ ਜਾਂ ਗਾਉਣਯੋਗਤਾ ਹੈ। ਇਕ ਤਰ੍ਹਾਂ ਨਾਲ ਹਰ ਉਹ ਰਚਨਾ ਜੋ ਗਾਈ ਜਾ ਸਕੇ ਗੀਤ ਹੈ। ਇਸ ਪ੍ਰਸੰਗ ਵਿਚ ਪੰਜਾਬੀ ਦੀ ਮੱਧਕਾਲੀ ਕਵਿਤਾ ਗਾਉਣਯੋਗ ਹੋਣ ਕਰਕੇ ਗੀਤ ਹੀ ਹੈ। ਆਧੁਨਿਕ ਸਾਹਿਤ ਆਲੋਚਨਾ ਵਿਚ ਗੀਤ ਨੂੰ ਪ੍ਰਗੀਤ ਦੇ ਇਕ ਵਿਸ਼ੇਸ਼ ਰੂਪਾਕਾਰ ਵਜੋਂ ਲਿਆ ਜਾਂਦਾ ਹੈ। ਗੀਤ ਵਿਚ ਆਮ ਕਰਕੇ ਇਕੋ ਹੀ ਭਾਵ ਹੁੰਦਾ ਹੈ ਅਤੇ ਉਸੇ ਭਾਵ ਨੂੰ ਹਰ ਸਤਰ ਨਾਲ ਡੂੰਘਾ ਕੀਤਾ ਜਾਂਦਾ ਹੈ। ਤੀਬਰ ਭਾਵ ਆਮ ਕਰਕੇ ਜ਼ਿਆਦਾ ਦੇਰ ਨਹੀਂ ਰਹਿੰਦੇ ਇਸ ਕਰਕੇ ਗੀਤ ਲਘੂ ਆਕਾਰੀ ਹੀ ਹੁੰਦਾ ਹੈ। ਗੀਤ ਵਿਚ ਇਕ ਸਥਾਈ ਜੋ ਵਾਰ ਵਾਰ ਦੁਹਰਾਈ ਜਾਂਦੀ ਹੈ ਅਤੇ ਗੀਤ ਦੇ ਮੁੱਖ ਭਾਵ ਨੂੰ ਪੇਸ਼ ਕਰਦੀ ਹੈ, ਦੇ ਨਾਲ ਚਾਰ ਤੋਂ ਅੱਠ ਅਤੇ ਕਈ ਵਾਰ ਬਾਰਾਂ ਤਕ ਅੰਤਰੇ ਹੁੰਦੇ ਹਨ। ਗੀਤ, ਕਾਵਿ ਅਤੇ ਸੰਗੀਤ ਵਿਚਾਲੇ ਪੁਲ ਹੁੰਦਾ ਹੈ। ਗੀਤ ਵਿਚ ਬਾਹਰੀ ਸੰਗੀਤ ਤੋਂ ਇਲਾਵਾ ਇਕ ਆਪਣਾ ਸੰਗੀਤ ਹੁੰਦਾ ਹੈ ਜੋ ਤੁਕਾਂਤ ਅਤੇ ਢੁਕਵੀਂ ਸ਼ਬਦ ਚੋਣ ਤੋਂ ਉਪਜਦਾ ਹੈ। ਜਿਸ ਤਰ੍ਹਾਂ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਬਿਰਹਾ ਤੂ ਸੁਲਤਾਨ ਵਿਚ ਸ਼ਿਵ ਕੁਮਾਰ ਨੇ ਆਪਣੀਆਂ ਗਿਆਰਾਂ ਰਚਨਾਵਾਂ ਨੂੰ ਗੀਤ ਦਾ ਸਿਰਲੇਖ ਦਿੱਤਾ ਹੈ ਭਾਵੇਂ ਕਿ ਉਸ ਦੀਆਂ ਹੋਰ ਰਚਨਾਵਾਂ ਨੂੰ ਵੀ ਗੀਤ ਵਜੋਂ ਗਾਇਆ ਜਾਂ ਸਮਝਿਆ ਜਾ ਸਕਦਾ ਹੈ। ਸ਼ਿਵ ਕੁਮਾਰ ਦੇ ਕੁਝ ਗੀਤ ਏਨੇ ਜ਼ਿਆਦਾ ਪ੍ਰਸਿੱਧ ਹੋਏ ਹਨ ਕਿ ਉਹ ਲੋਕ ਗੀਤਾਂ ਦਾ ਦਰਜਾ ਅਖਤਿਆਰ ਕਰ ਗਏ ਹਨ। ਉਸ ਦੇ ਕੁਝ ਅਜਿਹੇ ਗੀਤਾਂ ਦੀ ਵੰਨਗੀ ਇਸ ਪ੍ਰਕਾਰ ਹੈ :

ਵਾਸਤਾ ਈ ਮੇਰਾ ;
ਮੇਰੇ ਦਿਲੇ ਦਿਆ ਮਹਿਰਮਾਂ ਵੇ,
ਫੁੱਲੀਆਂ ਕਨੇਰਾਂ ਘਰ ਆ !
ਲਗੀ ਤੇਰੀ ਦੀਦ ਦੀ
ਵੇ ਤੇਹ ਸਾਡੇ ਦੀਦਿਆਂ ਨੂੰ,
ਇਕ ਘੁੱਟ ਚਾਨਣੀ ਪਿਆ।
ਕਾਲੇ ਕਾਲੇ ਬਾਗਾਂ ਵਿਚੋਂ
ਚੰਨਣ ਮੰਗਾਨੀਆਂ ਵੇ,
ਦੇਨੀਆਂ ਮੈਂ ਚੌਕੀਆਂ ਘੜਾ।
ਸੋਨੇ ਦਾ ਮੈਂ ਗੜਵਾ -
ਤੇ ਗੰਗਾਜਲ ਦੇਨੀਆਂ ਵੇ
ਮਲ ਮਲ ਵਟਣਾ ਨਹਾ ! (ਪੰਨਾ 69)

ਆਮ ਕਰਕੇ ਗੀਤਾਂ ਵਿਚ ਸਥਾਈ ਦੀ ਤੁਕਾਂਤ ਆਪਸ ਵਿਚ ਮਿਲਦੀ ਹੁੰਦੀ ਹੈ ਤੇ ਅੰਤਰੇ ਦੀਆਂ ਤੁਕਾਂ ਦਾ ਆਪਸ ਵਿਚ ਤੁਕਾਂਤ ਮਿਲਦਾ ਹੁੰਦਾ ਹੈ ਅਤੇ ਅੰਤਰੇ ਨੂੰ ਮੁੜ ਸਥਾਈ ਨਾਲ ਜੋੜਨ ਲਈ ਆਖਰੀ ਤੁਕ ਸਥਾਈ ਨਾਲ ਤੁਕਾਂਤ ਅਤੇ ਛੰਦ ਸਾਂਝਾ ਕਰਦੀ ਰੱਖੀ ਜਾਂਦੀ ਹੈ ਪਰੰਤੂ ਇਸ ਗੀਤ ਵਿਚ ਸ਼ਿਵ ਕੁਮਾਰ ਨੇ ਇਕੋ ਸਥਾਈ ਦੇ ਤੁਕਾਂਤ ਨੂੰ ਹੀ ਅੰਤਰਿਆਂ ਦਾ ਹੀ ਤੁਕਾਂਤ ਬਣਾਇਆ ਹੈ । ਉਸ ਨੇ ਘਰ ਆ, ਪਿਆ, ਘੜਾ, ਨਹਾ, ਰੰਗਾ, ਪਾ, ਖੁਆ, ਉੜਾ, ਲੜਾ, ਵਿਛਾ, ਜਗਾ, ਵਾਅ, ਸੁਆ, ਭਾਅ , ਨਾ ਜਾ, ਬਣਾ, ਲਾ, ਹਿਲਾ, ਪੁਆ, ਲੁਆ ਆਦਿ ਵਰਤੇ ਹਨ । ਇਸ ਤਰ੍ਹਾਂ ਉਸ ਨੇ ਗਿਆਰਾਂ ਬੰਦਾਂ ਵਿਚ ਇਕੋ ਹੀ ਤੁਕਾਂਤ ਰੱਖਿਆ ਹੈ । ਇੱਥੋਂ ਨਾ ਕੇਵਲ ਉਸ ਦੀ ਕਾਵਿਯੋਗਤਾ ਦਾ ਹੀ ਪਤਾ ਲਗਦਾ ਹੈ ਸਗੋਂ ਉਸ ਦੇ ਤੀਬਰ ਭਾਵਨਾ ਦੇ ਹੜ੍ਹ ਦਾ ਵੀ ਅੰਦਾਜਾ ਲਗਦਾ ਹੈ । ਇਸ ਦੇ ਉਲਟ ਤੈਨੂੰ ਦਿਆਂ ਹੰਝੂਆਂ ਦਾ ਭਾੜਾ ਗੀਤ ਵਿਚ ਉਸ ਨੇ ਸਥਾਈ ਅਤੇ ਅੰਤਰੇ ਦਾ ਤੁਕਾਂਤ ਵੱਖੋ ਵੱਖਰਾ ਰੱਖਿਆ ਹੈ । ਸ਼ਿਵ ਕੁਮਾਰ ਦੀ ਇਹ ਖ਼ਾਸੀਅਤ ਹੈ ਕਿ ਉਹ ਗੀਤ ਵਿਚ ਕੇਵਲ ਭਾਵ ਹੀ ਨਹੀਂ ਕਥਦਾ ਸਗੋਂ ਭਾਵਾਂ ਦੇ ਪ੍ਰਗਟਾਵੇ ਲਈ ਇਕ ਵੱਡੇ ਰੂਪਕ ਨੂੰ ਚੁਣਦਾ ਹੈ ਅਤੇ ਉਸ ਰੂਪਕ ਨੂੰ ਗੀਤ ਵਿਚ ਸਿਖਰ ਤਕ ਫੈਲਾ ਦਿੰਦਾ ਹੈ । ਉਦਾਹਰਨ ਵਜੋਂ ਇਸ ਗੀਤ ਵਿਚ ਉਸ ਨੇ ਭੱਠੀ ਦੇ ਰੂਪਕ ਨੂੰ ਵਰਤਿਆ ਹੈ ਜਦੋਂ ਕਿ ਪਹਿਲੇ ਗੀਤ ਵਿਚ ਇਕ ਤਰ੍ਹਾਂ ਨਾਲ ਵਿਆਹ ਸਮੇਂ ਹੁੰਦੀ ਨਾਈਧੋਈ ਦਾ ਦ੍ਰਿਸ਼ ਸਿਰਜਿਆ ਸੀ । ਸ਼ਿਵ ਕੁਮਾਰ ਦੇ ਬਹੁਤ ਗੀਤ ਮੈਂ ਮੁਖ ਹਨ ਅਤੇ ਉਨ੍ਹਾਂ ਦਾ ਸੰਬੋਧਨ ਕਿਸੇ ਔਰਤ ਨੂੰ ਹੈ ਜਿਵੇਂ ਭੱਠੀ ਵਾਲੀਏ, ਮਾਏ ਨੀ ਮਾਏ, ਪੁਰੇ ਦੀ ਪੌਣ ਆਦਿ ।

**ਗ਼ਜ਼ਲ** :

ਸ਼ਿਵ ਕੁਮਾਰ ਦੀਆਂ ਬਹੁਤੀਆਂ ਰਚਨਾਵਾਂ ਗੀਤ ਰੂਪ ਦੇ ਨੇੜੇ ਤੇੜੇ ਹਨ ਕਿਉਂਕਿ ਉਸ ਦੀਆਂ ਰਚਨਾਵਾਂ ਵਿਚ ਇਕੋ ਵਿਸ਼ੇ ਨੂੰ ਹੀ ਹਰ ਬੰਦ ਨਾਲ ਵਧੇਰੇ ਵਿਸਤਾਰਿਆ ਅਤੇ ਡੂੰਘਾ ਕੀਤਾ ਜਾਂਦਾ ਹੈ ਪਰ ਇਸ ਕਾਵਿ ਸੰਗ੍ਰਹਿ ਵਿਚ ਉਸ ਦੀਆਂ ਪੰਜ ਗ਼ਜ਼ਲਾਂ ਵੀ ਸ਼ਾਮਲ ਹਨ । ਗ਼ਜ਼ਲ ਉਰਦੂ ਫ਼ਾਰਸੀ ਰਾਹੀਂ ਅਰਬੀ ਤੋਂ ਪੰਜਾਬੀ ਵਿਚ ਆਇਆ ਹੋਇਆ ਕਾਵਿ ਰੂਪ ਹੈ ਜਿਸ ਵਿਚ ਪਹਿਲੇ ਦੋ ਮਿਸਰਿਆਂ ਦਾ ਆਪਸ ਵਿਚ ਮਿਲਾਨ ਹੁੰਦਾ ਹੈ ਇਸ ਨੂੰ ਮਤਲਾ ਕਿਹਾ ਜਾਂਦਾ ਹੈ ਅਤੇ ਉਸ ਤੋਂ ਪਿੱਛੋਂ ਹਰ ਸ਼ੇਅਰ ਦੀ ਦੂਸਰੀ ਸਤਰ ਦਾ ਮਤਲੇ ਨਾਲ ਮਿਲਾਨ ਹੁੰਦਾ ਹੈ । ਗ਼ਜ਼ਲ ਵਿਚ ਭਾਵਾਂ ਦੀ ਬਜਾਏ ਰੂਪ ਦੀ ਏਕਤਾ ਹੁੰਦੀ ਹੈ । ਗ਼ਜ਼ਲ ਦੇ ਹਰ ਸ਼ੇਅਰ ਵਿਚ ਸੁਤੰਤਰ ਖ਼ਿਆਲ ਹੁੰਦਾ ਹੈ ਪਰ ਜੇ ਗ਼ਜ਼ਲ ਦੇ ਸਾਰੇ ਸ਼ੇਅਰਾਂ ਵਿਚ ਇਕੋ ਵਿਸ਼ਾ ਹੀ ਦੁਹਰਾਇਆ ਜਾਵੇ ਤਾਂ ਉਸ ਨੂੰ ਮੁਸਲਸਲ ਗ਼ਜ਼ਲ ਆਖਿਆ ਜਾਂਦਾ ਹੈ । ਇਸ ਪ੍ਰਸੰਗ ਵਿਚ ਉਸ ਦੀ ਹੇਠ ਲਿਖੀ ਗ਼ਜ਼ਲ ਵੇਖੀ ਜਾ ਸਕਦੀ ਹੈ :

ਜਾਚ ਮੈਨੂੰ ਆ ਗਈ ਗ਼ਮ ਖਾਣ ਦੀ ।
ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ ।
ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ
ਮੁੱਕ ਗਈ ਹੈ ਚਿੰਤਾ ਤੈਨੂੰ ਅਪਨਾਣ ਦੀ
ਮਰ ਤੇ ਜਾਂ ਪਰ ਡਰ ਹੈ ਦੰਮਾਂ ਵਾਲਿਉ,
ਧਰਤੀ ਵੀ ਵਿਕਦੀ ਹੈ ਮੁੱਲ ਸ਼ਮਸ਼ਾਨ ਦੀ
ਨਾ ਦਿਉ ਮੈਨੂੰ ਸਾਹ ਉਧਾਰੇ ਦੋਸਤੇ
ਲੈ ਕੇ ਮੁੜ ਹਿੰਮਤ ਨਹੀਂ ਪਰਤਾਣ ਦੀ ।
ਨਾ ਕਰੋ ਸ਼ਿਵ ਦੀ ਉਦਾਸੀ ਦਾ ਇਲਾਜ
ਰੋਣ ਦੀ ਮਰਜ਼ੀ ਹੈ ਅੱਜ ਬਈਮਾਨ ਦੀ । (ਬਿਰਹਾ ਤੂ ਸੁਲਤਾਨ, ਪੰਨਾ-54)

ਸ਼ਿਵ ਕੁਮਾਰ ਦੀ ਇਸ ਗ਼ਜ਼ਲ ਦੇ ਬਹਾਨੇ ਗ਼ਜ਼ਲ ਦੀ ਬੁਨਿਆਦੀ ਸ਼ਬਦਾਵਲੀ ਅਤੇ ਬਣਤਰ ਬਾਰੇ ਕੁਝ ਵਿਚਾਰ ਸਾਂਝੇ ਕੀਤੇ ਜਾ ਰਹੇ ਹਨ । ਜਾਚ ਮੈਨੂੰ ਆ ਗਈ ਗ਼ਮ ਖਾਣ ਦੀ ਸਤਰ ਦਾ ਜੋੜ ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ ਨਾਲ ਮੇਲਿਆ ਗਿਆ ਹੈ । ਇਸ ਨੂੰ ਗ਼ਜ਼ਲ ਦਾ ਮਤਲਾ ਆਖਿਆ ਜਾਂਦਾ ਹੈ । ਇਸ ਵਿਚ ਖਾਣ ਦਾ ਕਾਫੀਆ ਪਰਚਾਣ ਨਾਲ ਮੇਲਿਆ ਗਿਆ ਹੈ । ਇਸ ਵਿਚ ਦੀ ਰਦੀਫ਼ ਹੈ ਜੋ ਹਰ ਕਾਫੀਏ ਤੋਂ ਬਾਅਦ ਦੁਹਰਾਈ ਜਾਂਦੀ ਹੈ । ਗ਼ਜ਼ਲ ਦੇ ਪਹਿਲੇ ਸ਼ੇਅਰ ਦੀ ਪਹਿਲੀ ਸਤਰ ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ ਦਾ ਤੁਕਾਂਤ ਨਹੀਂ ਮਿਲਦਾ ਪਰ ਦੂਸਰੀ ਸਤਰ ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ, ਮੁੜ ਮਿਲਦੀ ਹੈ । ਇਸੇ ਰੂਪਾਤਮਕ ਪੈਟਰਨ ਤੇ ਦੂਜਾ ਅਤੇ ਤੀਜਾ ਸ਼ੇਅਰ ਦੁਹਰਾਇਆ ਜਾਂਦਾ ਹੈ । ਜੇ ਗ਼ਜ਼ਲ ਦੇ ਆਖ਼ਰੀ ਸ਼ੇਅਰ ਵਿਚ ਕਵੀ ਦਾ ਨਾਂ, ਗੋਤ, ਤਖ਼ੱਲਸ ਆਦਿ ਆਵੇ ਤਾਂ ਉਸ ਨੂੰ ਮਕਤਾ ਆਖਿਆ ਜਾਂਦਾ ਹੈ । ਮਕਤੇ ਦਾ ਅਰਥ ਹੀ ਖਤਮ ਹੋਣਾ ਹੁੰਦਾ ਹੈ । ਵਿਚਾਰਧੀਨ ਗ਼ਜ਼ਲ ਵਿਚ ਆਖਰ ਵਿਚ ਮਕਤਾ ਹੈ ਕਿਉਂਕਿ ਉਸ ਵਿਚ ਸ਼ਿਵ ਦਾ ਨਾਂ ਆਉਂਦਾ ਹੈ । ਇਸ ਗ਼ਜ਼ਲ ਵਿਚ ਕੁੱਲ ਪੰਜ ਸ਼ੇਅਰ ਹਨ । ਪਰੰਪਰਿਕ ਤੌਰ ਤੇ ਗ਼ਜ਼ਲ ਦੇ ਸ਼ੇਅਰ ਟਾਂਕ ਵਿਚ ਭਾਵ ਤਿੰਨ, ਪੰਜ, ਸੱਤ, ਨੌਂ, ਗਿਆਰਾਂ ਰੱਖਣ ਦਾ ਰਿਵਾਜ ਹੈ । ਵੈਸੇ ਗ਼ਜ਼ਲ ਦੇ ਸ਼ੇਅਰ ਵੱਧ ਘੱਟ ਵੀ ਹੋ ਸਕਦੇ ਹਨ ਪਰ ਪਰੰਪਰਿਕ ਗ਼ਜ਼ਲਕਾਰ ਇਸ ਪਰੰਪਰਾ ਨੂੰ ਨਿਭਾਉਣਾ ਯੋਗ ਸਮਝਦੇ ਹਨ । ਪੰਜਾਬੀ ਦੀਆਂ ਗ਼ਜ਼ਲਾਂ ਵਿਚ ਉਰਦੂ ਅਰੂਜ਼ ਦੀਆਂ ਬਹਿਰਾਂ ਵਰਤੀਆਂ ਜਾਂਦੀਆਂ ਹਨ ਭਾਵੇਂ ਇਸ ਵਿਚ ਖੁੱਲ੍ਹ ਵੀ ਲੈ ਲਈ ਜਾਂਦੀ ਹੈ । ਬਹੁਤ ਸਾਰੇ ਗ਼ਜ਼ਲਕਾਰ ਬਹਿਰਾਂ ਨੂੰ ਗਾਉਣ ਦੀ ਤਰਜ ਅਨੁਸਾਰ ਮਿਣਦੇ ਹਨ । ਵੈਸੇ

ਰਵਾਇਤੀ ਅਰੂਜ਼ ਵਿਚ ਕਿਸੇ ਸ਼ਬਦ ਨੂੰ ਉਚਾਰਨ ਵਿਚ ਪੈਂਦੇ ਅਟਕਾ ਅਨੁਸਾਰ ਤੋਲਿਆ ਮਿਣਿਆ ਜਾਂਦਾ ਹੈ। ਇਸ ਲਈ ਉਹ ਸਾਕਿਨ ਅਤੇ ਮੁਤਹਰਕ ਸ਼ਬਦ ਵਰਤਦੇ ਹਨ। ਸ਼ਿਵ ਕੁਮਾਰ ਦੀਆਂ ਗ਼ਜ਼ਲਾਂ ਗੀਤਾਂ ਦੇ ਨੇੜੇ ਹਨ। ਉਹ ਪੰਜਾਬੀ ਗ਼ਜ਼ਲ ਵਿਚ ਆਈ ਉਰਦੂ ਰਵਾਇਤ ਅਤੇ ਸ਼ਬਦਾਵਲੀ ਦੇ ਸ਼ਬਦਾਂ ਜਿਵੇਂ ਸ਼ੇਖ, ਰਿੰਦ, ਪੈਮਾਨਾ, ਸਾਕੀ ਆਦਿ ਨੂੰ ਬਹੁਤੀ ਤਵੱਜੋ ਨਹੀਂ ਦਿੰਦਾ ਸਗੋਂ ਉਹ ਠੇਠ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਕਰਦਾ ਹੈ। ਉਦਾਹਰਨ ਵਜੋਂ ਉਸ ਦੇ ਸ਼ੇਅਰ ਦੇਖੋ :

ਕੌਣ ਮੇਰੇ ਸ਼ਹਿਰ ਆ ਕੇ ਮੁੜ ਗਿਆ
ਚਾਨਣ ਦਾ ਸਾਰਾ ਹੀ ਚਾਨਣ ਰੁੜ ਗਿਆ
ਛੱਡ ਕੇ ਅਕਲਾਂ ਦਾ ਝਿਕਾ ਆਲ੍ਹਣਾ
ਉੜ ਗਿਆ ਹਿਜਰਾਂ ਦਾ ਪੰਛੀ ਉੜ ਗਿਆ
ਹੈ ਕੋਈ ਸੂਈ ਕੰਧੂਈ ਦੋਸਤੋ
ਵਕਤ ਦੇ ਪੈਰਾਂ "ਚ ਕੰਡਾ ਪੁੜ ਗਿਆ

ਇਨ੍ਹਾਂ ਸ਼ੇਅਰਾਂ ਵਿਚ ਰੁੜ੍ਹ ਗਿਆ, ਝਿਕਾ, ਆਲ੍ਹਣਾ, ਸੂਈ, ਕੰਧੂਈ ਆਦਿ ਸ਼ਬਦ ਠੇਠ ਪੰਜਾਬੀ ਦੇ ਵਰਤੇ ਗਏ ਹਨ। ਸੋ ਇਕ ਤਰ੍ਹਾਂ ਨਾਲ ਸ਼ਿਵ ਨੇ ਪੰਜਾਬੀ ਗ਼ਜ਼ਲ ਨੂੰ ਪੰਜਾਬੀਅਤ ਬਖ਼ਸ਼ੀ ਹੈ। ਆਮ ਕਰਕੇ ਪੰਜਾਬੀ ਦੇ ਗ਼ਜ਼ਲਕਾਰ ਉਲਾਂਭਾ ਦਿੰਦੇ ਹਨ ਕਿ ਉਨ੍ਹਾਂ ਦੀਆਂ ਗ਼ਜ਼ਲਾਂ ਗਾਈਆਂ ਨਹੀਂ ਜਾਂਦੀਆਂ ਪਰ ਸ਼ਿਵ ਕੁਮਾਰ ਦੀ ਹਰ ਗ਼ਜ਼ਲ ਉਸ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ਗਾਈ ਹੈ। ਉਦਾਹਰਨ ਵਜੋਂ ਆਸਾ ਸਿੰਘ ਮਸਤਾਨਾ ਦੀ ਅਵਾਜ ਵਿਚ ਗਾਈ ਗ਼ਜ਼ਲ ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ ਬਹੁਤ ਮਕਬੂਲ ਹੋਈ। ਜਿਸ ਤਰ੍ਹਾਂ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ ਗ਼ਜ਼ਲ ਦੇ ਸਾਰੇ ਸ਼ੇਅਰ ਰੂਪਾਤਮਿਕ ਬਣਤਰ ਪੱਖੋਂ ਕਾਫ਼ੀਏ ਰਦੀਫ਼ ਦੀ ਲਗਾਤਾਰਤਾ ਕਾਰਨ ਇਕ ਦੂਸਰੇ ਨਾਲ ਜੁੜੇ ਹੁੰਦੇ ਹਨ ਪਰ ਇਹ ਜ਼ਰੂਰੀ ਨਹੀਂ ਹੁੰਦਾ ਕਿ ਉਹ ਇਕੋ ਭਾਵ ਨੂੰ ਕਹਿਣ ਸਗੋਂ ਹਰ ਸ਼ੇਅਰ ਵਿਸ਼ੇ ਪੱਖ ਤੋਂ ਦੂਸਰੇ ਨਾਲੋਂ ਸੁਤੰਤਰ ਹੁੰਦਾ ਹੈ। ਗ਼ਜ਼ਲਕਾਰ ਵੱਲੋਂ ਤਾਂ ਗ਼ਜ਼ਲ ਦੇ ਸਾਰੇ ਸ਼ੇਅਰ ਹੀ ਇਕ ਦੂਸਰੇ ਨਾਲ ਬੰਨ੍ਹੇ ਹੁੰਦੇ ਹਨ ਪਰ ਪਾਠਕ ਦੀ ਦ੍ਰਿਸ਼ਟੀ ਤੋਂ ਕੋਈ ਕੋਈ ਸ਼ੇਅਰ ਖਿਆਲ ਦੀ ਉਚਿਆਈ ਅਤੇ ਵਿਚਾਰ ਦੀ ਪਕਿਆਈ ਕਾਰਨ ਸਭ ਤੋਂ ਮਕਬੂਲ ਹੋ ਜਾਂਦਾ ਹੈ। ਉਸ ਨੂੰ ਸ਼ਾਹ ਬੈਂਤ ਜਾਂ ਗ਼ਜ਼ਲ ਦਾ ਹਾਸਿਲ ਆਖਿਆ ਜਾਂਦਾ ਹੈ। ਬਾਕੀ ਸ਼ੇਅਰਾਂ ਨੂੰ ਭਰਤੀ ਦੇ ਸ਼ੇਅਰ ਆਖ ਦਿੱਤਾ ਜਾਂਦਾ ਹੈ। ਸ਼ਿਵ ਕੁਮਾਰ ਦੀਆਂ ਗ਼ਜ਼ਲਾਂ ਵਿਚ ਸਾਰੇ ਹੀ ਸ਼ੇਅਰ ਉਮਦਾ ਹੁੰਦੇ ਹਨ ਪਰ ਕੁਝ ਸ਼ੇਅਰ ਤਾਂ ਸੱਚਮੁੱਚ ਸ਼ਾਹ ਬੈਂਤ ਹਨ ਅਤੇ ਉਹ ਵਾਰ ਵਾਰ ਦੁਹਰਾਏ ਜਾਂਦੇ ਹਨ।

ਕਿੰਨੀ ਬੀਤੀ ਤੇ ਕਿੰਨੀ ਬਾਕੀ ਹੈ
ਮੈਨੂੰ ਏਹੋ ਹਿਸਾਬ ਲੈ ਬੈਠਾ
........ ..........
ਹਕੀਕਤ ਇਸ਼ਕ ਦੀ ਜੇ ਮਹਿਜ਼ ਹੁੰਦੀ ਖੇਡ ਜਿਸਮਾਂ ਦੀ
ਤਾਂ ਦੁਨੀਆਂ ਅੱਜ ਤੀਕਣ ਨਾਂ ਤੇਰਾ ਮੇਰਾ ਭੁਲਾ ਦਿੰਦੀ

ਸ਼ਿਵ ਕੁਮਾਰ ਦੇ ਗੀਤਾਂ ਵਿਚ ਤਾਂ ਕੁਝ ਗੀਤ ਸੰਯੋਗ ਦੇ ਜਾਂ ਉਤਸ਼ਾਹ ਦੇ ਵੀ ਮਿਲ ਜਾਂਦੇ ਹਨ ਪਰੰਤੂ ਗ਼ਜ਼ਲਾਂ ਵਿਚ ਉਸ ਨੇ ਜ਼ਿਆਦਾਤਰ ਬਿਰਹੋਂ, ਦੁੱਖ ਅਤੇ ਮੌਤ ਨੂੰ ਅਧਾਰ ਬਣਾ ਕੇ ਮੁਸਲਸਲ ਗ਼ਜ਼ਲਾਂ ਹੀ ਲਿਖੀਆਂ ਹਨ।

**ਬਿਰਤਾਂਤਕ ਕਾਵਿ :**

ਸ਼ਿਵ ਕੁਮਾਰ ਨੇ ਜ਼ਿਆਦਾਤਰ ਗੀਤ ਅਤੇ ਗ਼ਜ਼ਲਾਂ ਲਿਖੀਆਂ ਹਨ ਜਿਨ੍ਹਾਂ ਵਿਚ ਕੋਈ ਕਥਾ-ਕਹਾਣੀ ਭਾਵ ਬਿਰਤਾਂਤ ਸਿਰਜਣ ਦੀ ਥਾਂ ਸਿੱਧੇ ਭਾਵਾਂ ਦੀ ਪੇਸ਼ਕਾਰੀ ਹੀ ਕੀਤੀ ਜਾਂਦੀ ਹੈ ਪਰੰਤੂ ਸ਼ਿਵ ਕੁਮਾਰ ਨੇ ਕੁਝ ਬਿਰਤਾਂਤਕ ਰਚਨਾਵਾਂ ਵੀ ਸਿਰਜੀਆਂ ਹਨ ਜਿਨ੍ਹਾਂ ਵਿਚ ਉਸ ਨੇ ਇਕ ਕਥਾ ਜਾਂ ਕਹਾਣੀ ਕਹੀ ਹੈ। ਸ਼ੀਸ਼ੋ, ਨੂਰਾਂ ਇਸ ਪ੍ਰਸੰਗ ਵਿਚ ਪੜ੍ਹੀਆਂ ਜਾ ਸਕਦੀਆਂ ਹਨ। ਲੂਣਾਂ ਨੂੰ ਭਾਵੇਂ ਲੇਖਕ ਨੇ ਕਾਵਿ ਨਾਟਕ ਆਖਿਆ ਹੋਵੇ ਭਾਵੇਂ ਉਸ ਨੂੰ ਨਾਟਕੀ ਕਾਵਿ ਸਮਝਿਆ ਜਾਵੇ ਪਰ ਅਸਲ ਵਿਚ ਉਹ ਵੀ ਕਾਵਿ ਬਿਰਤਾਂਤ ਹੀ ਹੈ। ਇਕ ਗੱਲ ਪੱਕੀ ਹੈ ਕਿ ਇਸ ਸੰਗ੍ਰਹਿ ਵਿਚ ਵੀ ਸ਼ਿਵ ਕੁਮਾਰ ਨੇ ਲੂਣਾਂ ਦੀ ਸਥਿਤੀ ਬਿਆਨ ਕਰਦੀ ਕਵਿਤਾ ਦਰਜ ਕੀਤੀ ਹੈ ਜੋ ਸੰਪੂਰਨ ਲੂਣਾਂ ਦਾ ਅੰਸ਼ਕ ਭਾਗ ਹੈ। ਇੱਥੋਂ ਇਕ ਗੱਲ ਸੁੱਝਦੀ ਹੈ ਕਿ ਸ਼ਿਵ ਕੁਮਾਰ ਦੀਆਂ ਸਾਰੀਆਂ ਬਿਰਤਾਂਤਕ ਰਚਨਾਵਾਂ ਦੀ ਕੇਂਦਰੀ ਪਾਤਰ ਔਰਤ ਹੈ ਅਤੇ ਉਹ ਗਰੀਬੀ , ਆਪਣੀ ਜ਼ਾਤ, ਆਪਣੀ ਜਮਾਤ ਅਤੇ ਆਪਣੇ ਨਾਲ ਹੋਈ ਬੇਵਫਾਈ ਅਤੇ ਹੋਰ ਸਮਾਜਿਕ ਧੱਕਿਆਂ ਦੀ ਸਤਾਈ ਹੋਈ ਹੈ ਪਰ ਉਹ ਸਮਾਜ ਤੋਂ ਬਦਲਾ ਲੈਣ ਲਈ ਕਦੇ ਨੂਰਾਂ ਵਾਂਗ ਖੁਦ ਬੇਵਫਾ ਹੋ ਜਾਂਦੀ ਹੈ, ਕਦੇ ਲੂਣਾਂ ਵਾਂਗ ਮਤ੍ਰੇਏ ਪੁੱਤਰ ਨੂੰ ਸਬੰਧ ਬਨਾਉਣ ਲਈ ਉਕਸਾਉਂਦੀ ਹੈ ਅਤੇ ਕਦੇ ਸ਼ੀਸ਼ੋ ਵਾਂਗ ਮਰ ਜਾਣਾ ਮਨਜ਼ੂਰ ਕਰਦੀ ਹੈ। ਸ਼ਿਵ ਕੁਮਾਰ ਦੀ ਹਮਦਰਦੀ ਹਰ ਹਾਲਤ ਵਿਚ ਔਰਤ ਨਾਲ ਰਹਿੰਦੀ ਹੈ ਅਤੇ ਉਹ ਔਰਤ ਦੀਆਂ ਭਾਵਨਾਵਾਂ ਨੂੰ ਖੂਬਸੂਰਤ ਢੰਗ ਨਾਲ ਪੇਸ਼ ਕਰਨ ਦੇ ਕਲਾਤਮਿਕ ਰੂਪ ਤੋਂ ਜਾਣੂ ਹੈ। ਸ਼ਿਵ ਕੁਮਾਰ ਦੀਆਂ ਬਿਰਤਾਂਤਕ ਕਵਿਤਾਵਾਂ ਦੀ ਸੰਖੇਪ ਕਹਾਣੀ ਸਾਂਝੀ ਕੀਤੀ ਜਾ ਰਹੀ ਹੈ।

**ਸ਼ੀਸ਼ੋ :**

ਸ਼ੀਸ਼ੋ ਗਰੀਬ ਮੁਜਾਰੇ ਦੀ ਸੁਚੱਜੀ ਅਤੇ ਖੂਬਸੂਰਤ ਧੀ ਹੈ ਜੋ ਮਨ ਵਿਚ ਭਵਿੱਖੀ ਸੁਪਨੇ ਬੁਣ ਰਹੀ ਹੈ। ਇਕ ਦਿਨ ਪਾਣੀ ਭਰਨ ਜਾਂਦੀ ਹੈ ਤਾਂ ਖੇਤਾਂ ਦਾ ਮਾਲਕ ਜੋ ਵਡੇਰੀ ਉਮਰ ਦਾ ਹੈ, ਸ਼ੀਸ਼ੋ ਦਾ ਹੁਸਨ ਦੇਖ ਕੇ ਉਸ ਦੇ ਬਾਪ ਕੋਲ ਜਾਂਦਾ ਹੈ ਤੇ ਸੋਨੇ ਦੇ ਗਹਿਣਿਆਂ ਦਾ ਲਾਲਚ ਦੇ ਕੇ ਸ਼ੀਸ਼ੋ ਨਾਲ ਵਿਆਹ ਕਰਵਾ ਲੈਂਦਾ ਹੈ। ਮਾਲਕ ਉਸ ਦਾ ਹਾਣ-ਪਰਵਾਨ ਨਾ ਹੋਣ ਕਾਰਨ ਸਦਮੇ ਵਿਚ ਸ਼ੀਸ਼ੋ ਦਾ ਹੁਸਨ ਦਿਨਾਂ ਵਿਚ ਹੀ ਉੱਡ-ਪੁੱਡ ਜਾਂਦਾ ਹੈ। ਉਹ ਜਿਉਂਦਿਆਂ ਮੁਰਦੇਹਾਲ ਹੋ ਜਾਂਦੀ ਹੈ ਤੇ ਅਖੀਰ ਮਰ ਜਾਂਦੀ ਹੈ। ਸ਼ਿਵ ਕੁਮਾਰ ਅਖੀਰ ਵਿਚ ਇਸ ਸਭ ਕੁਝ ਦਾ ਜ਼ਿੰਮੇਵਾਰ ਸ਼ੀਸ਼ੋ ਦੇ ਮਾਪਿਆਂ ਦੀ ਗਰੀਬੀ ਨੂੰ ਦਰਸਾਉਂਦਾ ਹੈ। ਸ਼ਿਵ ਕੁਮਾਰ ਦੀ ਹਮਦਰਦੀ ਸ਼ੀਸ਼ੋ ਅਤੇ ਸ਼ੀਸ਼ੋ ਦੇ ਮਾਪਿਆਂ ਨਾਲ ਹੈ, ਇਸੇ ਲਈ ਉਹ ਬੇਵਸੀ ਵਿਚ ਸ਼ੀਸ਼ੋ ਦੀ ਮੌਤ ਤੋਂ ਪਿੱਛੋਂ ਕਵਿਤਾ ਦੀਆਂ ਅੰਤਲੀਆਂ ਸਤਰਾਂ ਵਿਚ ਲਿਖਦਾ ਹੈ :

ਸ਼ਾਲਾ ਬਾਂਝ ਮਰੀਵਣ ਮਾਪੇ
ਢਿੱਡੋਂ ਭੁੱਖੇ ਭਾਣੇ !
ਉਸ ਘਰ ਜੰਮੇ ਨਾ ਕਾਈ ਸ਼ੀਸ਼ੋ
ਜਿਸ ਘਰ ਹੋਣ ਨਾ ਦਾਣੇ ! (ਬਿਰਹਾ ਤੂ ਸੁਲਤਾਨ, ਪੰਨਾ 124)

**ਨੂਰਾਂ :**

ਨੂਰਾਂ ਦੀ ਕਹਾਣੀ ਤਾਂ ਸਿਰਫ ਏਨੀ ਹੈ ਕਿ ਇਕ ਖੂਬਸੂਰਤ ਮੁਟਿਆਰ ਨੂੰ ਉਸ ਦਾ ਬੇਵਫ਼ਾ ਪ੍ਰੇਮੀ ਛੱਡ ਜਾਂਦਾ ਹੈ ਤਾਂ ਉਹ ਬਦਲੇ ਦੀ ਭਾਵਨਾ ਅਧੀਨ ਸਮੁੱਚੀ ਮਰਦ ਜ਼ਾਤ ਤੋਂ ਬਦਲਾ ਲੈਣ ਲਈ ਹਰ ਇਕ ਨਾਲ ਬੇਵਫਾਈ ਕਰਦੀ ਹੈ ਅਤੇ ਆਪਣੀ ਹਵਸ ਮਿਟਾਉਂਦੀ ਹੈ। ਲੇਖਕ ਨੇ ਇਸ ਕਥਾਨਕ ਨੂੰ ਲੁਕਾਵੇ ਦੀ ਵਿਧੀ ਨਾਲ ਸਿਰਜਿਆ ਹੈ। ਕਹਾਣੀ ਉਸ ਦੇ ਕਬਰ ਤੇ ਦੀਵਾ ਜਗਾਉਣ ਨਾਲ ਸ਼ੁਰੂ ਹੁੰਦੀ ਹੈ ਅਤੇ ਉਸ ਦੇ ਖੂਬਸੂਰਤ ਪਰ ਵਿਭਚਾਰਨ ਰੂਪ ਨਾਲ ਅੱਗੇ ਤੁਰਦੀ ਹੈ। ਕਵੀ ਵਿਅੰਗ ਰੂਪ ਵਿਚ ਲਿਖਦਾ ਹੈ :

ਨੂਰਾਂ ਉਸ ਦਾ ਨਾਂ ਪਰ ਦਿਲ ਦੀ ਸਿਆਹ
ਸਿਆਹ ਹੀ ਬੁਰਕਾ ਰੇਸ਼ਮੀ ਪਾਇਆ ਕਰੇ
ਆਖਦੇ ਨੇ ਵਿਚ ਜਵਾਨੀ ਗਿਰਝ ਉਹ
ਨਿੱਤ ਨਵਾਂ ਦਿਲ ਮਾਰ ਕੇ ਖਾਇਆ ਕਰੇ

ਪਰੰਤੂ ਬਾਅਦ ਵਿਚ ਪਤਾ ਚਲਦਾ ਹੈ ਕਿ ਅਸਲ ਵਿਚ ਤਾਂ ਉਹ ਔਰਤ ਬੇਵਫਾਈ ਦੀ ਸਤਾਈ ਹੀ ਇਸ ਰਾਹ ਤੁਰਦੀ ਹੈ। ਵੈਸੇ ਉਹ ਅਜੇ ਵੀ ਆਪਣੇ ਪ੍ਰੇਮੀ ਨੂੰ ਪਿਆਰ ਕਰਨ ਵਾਲੀ ਉਸ ਦੀ ਯਾਦ ਪ੍ਰਤੀ ਵਫ਼ਾ ਪਾਲਣ ਵਾਲੀ ਸੰਵੇਦਨਸ਼ੀਲ ਹੈ। ਇਸੇ ਲਈ ਉਹ ਸਦਾ ਇਕੱਠੇ ਰਹਿਣ ਦੀ ਇੱਛਾ ਕਾਰਨ ਆਪਣਾ ਤੇ ਆਪਣੇ ਯਾਰ ਦਾ ਖੂਨ ਨਾਲ ਇਕ ਚਿੱਤਰ ਬਣਾਉਂਦੀ ਹੈ ਅਤੇ ਚਿੱਤਰਾਂ ਨੂੰ ਕਬਰ ਵਿਚ ਦਫਨ ਕਰ ਦਿੰਦੀ ਹੈ। ਉਸ ਕਬਰ ਉਪਰ ਉਹ ਦੀਵਾ ਜਗਾਉਂਦੀ ਹੈ। ਇਸ ਬਾਰੇ ਕਵੀ ਕੁਝ ਇਸ ਤਰ੍ਹਾਂ ਲਿਖਦਾ ਹੈ :

ਚਿੱਤਰ ਦੋ ਇਕ ਆਪਣਾ ਇਕ ਯਾਰ ਦਾ
ਖੂਨ ਆਪਣੇ ਨਾਲ ਕਰਵਾਏ ਤਿਆਰ
ਕਬਰ ਪੁੱਟ ਕੇ ਚਿੱਤਰ ਦਫਨਾਏ ਗਏ
ਨਾਲ ਦਫਨਾਏ ਗਏ ਹੰਝੂਆਂ ਦੇ ਹਾਰ (ਬਿਰਹਾ ਤੂ ਸੁਲਤਾਨ, ਪੰਨਾ 44)

ਕਵੀ ਦੀ ਕਲਪਨਾ ਦੀ ਉਡਾਣ ਬਹੁਤ ਉਚੀ ਹੈ। ਉਸ ਨੇ ਔਰਤ ਦਾ ਚਰਿੱਤਰਘਾਤ ਨਹੀਂ ਕੀਤਾ ਸਗੋਂ ਉਸ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਦਿਆਂ ਉਸ ਦੀ ਅਵਾਰਾ ਜ਼ਿੰਦਗੀ ਦਾ ਕਾਰਨ ਪ੍ਰੇਮੀ ਦੀ ਬੇਵਫਾਈ ਵਿਚ ਤਲਾਸ਼ਿਆ ਹੈ ਅਤੇ ਉਸ ਤੋਂ ਵੀ ਅੱਗੇ ਉਸ ਨੇ ਨਾਰੀ ਦੇ ਮਨ ਅੰਦਰ ਆਪਣੇ ਪਹਿਲੇ ਪਿਆਰ ਨੂੰ ਨਾ ਭੁਲਾਏ ਜਾਣ ਦਾ ਦਰਦ ਦਰਸਾਇਆ ਹੈ। ਪ੍ਰੇਮੀ ਪ੍ਰੇਮਿਕਾ ਭਾਵੇਂ ਅਸਲੀ ਜ਼ਿੰਦਗੀ ਵਿਚ ਨਹੀਂ ਮਿਲ ਸਕਦੇ ਪਰ ਔਰਤ ਉਸ ਨੂੰ ਪ੍ਰਤੀਕਾਤਮਿਕ ਰੂਪ ਵਿਚ ਕਬਰ ਤਕ ਲੈ ਜਾਂਦੀ ਹੈ। ਇਕ ਤਰ੍ਹਾਂ ਨਾਲ ਇਹ ਨਾਰੀ ਦੇ ਪਿਆਰ ਵਿਚ ਸਮਰਪਣ ਦੇ ਯਥਾਰਥਕ ਅਤੇ ਕਲਪਨਾਤਮਿਕ ਦੋਹਾਂ ਰੂਪਾਂ ਦਾ ਇਕੋ ਵੇਲੇ ਪ੍ਰਗਟਾ ਹੈ।

**ਲੂਣਾ :**

ਸ਼ਿਵ ਕੁਮਾਰ ਨੇ ਭਾਵੇਂ ਲੂਣਾ ਦਾ ਸੰਪੂਰਨ ਬਿਰਤਾਂਤ ਵੀ ਲਿਖਿਆ ਹੈ ਪਰ ਉਸ ਦਾ ਇਕ ਅੰਸ਼ ਇਸ ਪੁਸਤਕ ਵਿਚ ਵੀ ਦਰਜ ਹੈ। ਪੂਰਨ ਦੀ ਕਥਾ ਤਾਂ ਬਹੁਤ ਪੁਰਾਣੀ ਹੈ। ਇਸ ਦੇ ਮੁਢਲੇ ਮਿਥਕ ਰੂਪ ਤਾਂ ਰੋਮਨ ਯੂਨਾਨੀ ਕਹਾਣੀਆਂ ਵਿਚ ਵੀ ਲੱਭੇ ਜਾ ਸਕਦੇ ਹਨ ਪਰ ਇਸ ਨੂੰ ਪੰਜਾਬੀ ਰੂਪ ਪਹਿਲੀ ਵਾਰ ਕਾਦਰਯਾਰ ਨੇ ਦਿੱਤਾ। ਬੈਂਤਾਂ ਵਿਚ ਲਿਖੇ ਇਸ ਕਿੱਸੇ ਵਿਚ ਕਾਦਰਯਾਰ ਨੇ ਪੂਰਨ ਨੂੰ ਭਗਤ ਇੱਛਰਾਂ ਨੂੰ ਮਜ਼ਬੂਰ, ਮਾਂ ਅਤੇ ਲੂਣਾ ਨੂੰ

ਵਿਭਚਾਰਨ ਦਰਸਾਇਆ ਹੈ । ਜਦੋਂ ਇਸ ਕਿੱਸੇ ਨੂੰ ਪ੍ਰੋ. ਪੂਰਨ ਸਿੰਘ ਨੇ ਖੁੱਲ੍ਹੇ ਛੰਦ ਵਿਚ ਮੁੜ ਕਵਿਤਾਇਆ ਤਾਂ ਉਸ ਨੇ ਲੂਣਾ ਦਾ ਚਰਿੱਤਰ ਤਾਂ ਉਸੇ ਤਰ੍ਹਾਂ ਹੀ ਰਹਿਣ ਦਿੱਤਾ ਪਰ ਇੱਛਰਾਂ ਦੇ ਵਿਯੋਗ ਨੂੰ ਜੋਗੀਆਂ ਦੇ ਧਿਆਨ ਨਾਲ ਜੋੜ ਦਿੱਤਾ ਪਰੰਤੂ ਜਿਸ ਸਮੇਂ ਸ਼ਿਵ ਕੁਮਾਰ ਨੇ ਲੂਣਾ ਲਿਖੀ ਤਾਂ ਨਾਕੇਵਲ ਉਸ ਨੇ ਲੂਣਾ ਨੂੰ ਅਪਰਾਧਮੁਕਤ ਹੀ ਕੀਤਾ ਸਗੋਂ ਉਸ ਨੇ ਸਲਵਾਨ ਨੂੰ ਦੋਸ਼ੀਆਂ ਦੇ ਕਟਹਿਰੇ ਵਿਚ ਖੜਾ ਕਰ ਦਿੱਤਾ । ਆਪਣੇ ਆਪ ਵਿਚ ਲੂਣਾ ਨੂੰ ਦੋਸ਼ ਮੁਕਤ ਕਰਨ ਅਤੇ ਉਸ ਨੂੰ ਨਵਾਂ ਪ੍ਰਸੰਗ ਦੇਣ ਵਿਚ ਸ਼ਿਵ ਕੁਮਾਰ ਦੀ ਵਡਿੱਤਣ ਹੈ । ਉਸ ਦੀਆਂ ਕੁਝ ਸਤਰਾਂ ਤਾਂ ਬਹੁਤ ਹੀ ਪ੍ਰਸਿੱਧ ਹੋਈਆਂ । ਜਿਵੇਂ

ਪਿਤਾ ਜੇ ਧੀ ਦਾ ਰੂਪ ਹੰਢਾਵੇ
ਲੋਕਾ ਵੇ ! ਤੈਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚਰਿਤ੍ਰ ਹੀਣ ਕਵ੍ਹੇ ਕਿਉਂ ਜੀਭ ਜਹਾਨ ਦੀ ।
ਚਰਿਤ੍ਰ ਹੀਣ ਤੇ ਤਾਂ ਕੋਈ ਆਖੇ
ਜੇ ਕਰ ਲੂਣਾ ਵੇਚੇ ਹਾਸੇ
ਪਰ ਜੇ ਹਾਣ ਨਾ ਲੱਭਣ ਮਾਪੇ
ਹਾਣ ਲੱਭਣ ਵਿਚ ਗੱਲ ਕੀ ਹੈ ਅਪਮਾਨ ਦੀ । (ਬਿਰਹਾ ਤੂ ਸੁਲਤਾਨ, ਪੰਨਾ 166)

ਇਹ ਕਵਿਤਾ ਦਾ ਬੰਦ ਲੱਗਭਗ ਇਸੇ ਰੂਪ ਵਿਚ ਲੂਣਾ ਦਾ ਹਿੱਸਾ ਹੈ ਪਰ ਇਸ ਕਵਿਤਾ ਵਿਚ ਕਵੀ ਲੂਣਾ ਦੇ ਪ੍ਰਸੰਗ ਨੂੰ ਆਧੁਨਿਕ ਜੀਵਨ ਜਾਚ ਨਾਲ ਜੋੜ ਦਿੰਦਾ ਹੈ । ਸ਼ਾਇਦ ਇਸ ਪੜਾਅ ਤੇ ਕਵੀ ਨੇ ਸਮੱਸਿਆ ਤਾਂ ਆਤਮਸਾਤ ਕਰ ਲਈ ਸੀ ਪਰ ਉਸ ਨੇ ਸੰਪੂਰਨ ਕਥਾ ਉਸਾਰਨ ਦਾ ਫੈਸਲਾ ਨਹੀਂ ਕੀਤਾ । ਇਸੇ ਲਈ ਉਹ ਸਲਵਾਨ ਨੂੰ ਰਿਸ਼ਵਤਖੋਰ, ਪੈਸੇ ਦਾ ਪੁੱਤ ਦਫਤਰੀ ਬਾਬੂ ਵਜੋਂ ਚਿਤਰਦਾ ਹੈ :

ਲੂਣਾ ਹੋਵੇ ਤਾਂ ਅਪਰਾਧਣ
ਜੇਕਰ ਅੰਦਰੋਂ ਹੋਏ ਸੁਹਾਗਣ
ਮਹਿਕ ਉਹਦੀ ਜੇ ਹੋਵੇ ਦਾਗਣ
ਮਹਿਕ ਮੇਰੀ ਤਾਂ ਕੰਜਕ ਮੈਂ ਹੀ ਜਾਣਦੀ ।
ਜੇ ਸਲਵਾਨ ਮੇਰੇ ਲੜ ਲੱਗਾ
ਦਿਨ ਭਰ ਚੁਕ ਫ਼ਾਈਲਾਂ ਦਾ ਥੱਬਾ
ਸ਼ਹਿਰੋ ਸ਼ਹਿਰ ਰਵ੍ਹੇ ਨਿੱਤ ਭੱਜਾ
ਮਨ ਵਿਚ ਚੇਟਕ ਚਾਂਦੀ ਦੇ ਫੁਲ ਖਾਣ ਦੀ । (ਬਿਰਹਾ ਤੂ ਸੁਲਤਾਨ, ਪੰਨਾ-166)

ਸੋ ਸਪਸ਼ਟ ਹੈ ਕਿ ਸ਼ਿਵ ਕੁਮਾਰ ਕੇਵਲ ਪ੍ਰਗੀਤ ਦਾ ਹੀ ਸ਼ਾਇਰ ਨਹੀਂ ਉਹ ਬਿਰਤਾਂਤ ਸਿਰਜਣ ਵਿਚ ਵੀ ਮਾਹਿਰ ਸੀ ।

**ਛੰਦਬੱਧ ਕਵਿਤਾ** :

ਬਿਰਹਾ ਤੂ ਸੁਲਤਾਨ ਵਿਚ ਸ਼ਿਵ ਕੁਮਾਰ ਨੇ ਗੀਤ, ਗ਼ਜ਼ਲ ਅਤੇ ਬਿਰਤਾਂਤਕ ਕਵਿਤਾਵਾਂ ਤੋਂ ਇਲਾਵਾ ਲਘੂ ਅਤੇ ਦੀਰਘ ਅਕਾਰੀ ਛੰਦਬੱਧ ਕਵਿਤਾਵਾਂ ਵੀ ਲਿਖੀਆਂ ਹਨ । ਉਸ ਦੀਆਂ ਇਹ ਛੰਦਬੱਧ ਕਵਿਤਾਵਾਂ ਗੀਤਾਂ ਦੀ ਤਰਜ ਉਪਰ ਹਨ । ਬਹੁਤੀ ਵਾਰ ਇਹ ਨਿਰਨਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਵਿਚਾਰਧੀਨ ਰਚਨਾ ਗੀਤ ਹੈ ਜਾਂ ਪ੍ਰਗੀਤ ਦੀ ਕੋਈ ਹੋਰ ਵੰਨਗੀ ਹੈ । ਇਸ ਸਬੰਧੀ ਉਸ ਦੀ ਕਵਿਤਾ ਲਾਜਵੰਤੀ ਪੜ੍ਹੀ ਜਾ ਸਕਦੀ ਹੈ :

ਬੀਤੇ ਵਰ੍ਹਿਆਂ ਦੇ ਗਹਿਰੇ ਸਾਗਰ "ਚ
ਫੇਰ ਆਇਆ ਜਵਾਰਭਾਟਾ
ਸਿਦਕ ਮੇਰੇ ਦੇ ਸੰਖ ਘੋਗੇ
ਮਲਾਹ ਸਮਿਆਂ ਦਾ ਚੁਗ ਲਿਆਇਆ
ਰਾਤੜੀ ਦੇ ਸਿਆਹ ਮੈਰੇ "ਚ
ਖੂਹ ਚਾਨਣ ਦਾ ਗਿੜ ਰਿਹਾ ਹੈ
ਚੁੱਪ ਦੀ ਮੈਂ ਮੁਲਾਇਮ ਗਾਧੀ ਤੇ
ਹਿਜ਼ਰ ਤੇਰੇ ਦਾ ਗ਼ਮ ਬਿਠਾਇਆ ਹੈ ।
ਹੰਝੂਆਂ ਦੀ ਝਲਾਰ ਨਿੱਤਰੀ "ਚ

ਦੀਦ ਤੇਰੀ ਦਾ ਸੋਹਲ ਸੁਪਨਾ
ਮਲ ਕੇ ਵਟਣਾ ਮੁਹੱਬਤਾਂ ਦਾ
ਵੇ ਸ਼ੌਂਕ ਮੇਰੇ ਨੇ ਮੁੜ ਨਹਾਇਆ ਹੈ।
ਆਸ ਮੇਰੀ ਦੀ ਲਾਜਵੰਤ ਨੂੰ
ਤੇਰੇ ਬਿਰਹੇ ਨੇ ਹੱਥ ਲਾਇਆ
ਸਬਰ ਮੇਰੇ ਦੇ ਜ਼ਰਦ ਪੱਤਿਆਂ ਨੇ
ਤੇਰੀ ਸਰਦਲ ਤੇ ਸਿਰ ਨਿਵਾਇਆ (ਬਿਰਹਾ ਤੂ ਸੁਲਤਾਨ, ਪੰਨਾ -77)

**ਖੁੱਲ੍ਹੀ ਕਵਿਤਾ** :

ਆਧੁਨਿਕ ਪੰਜਾਬੀ ਕਵਿਤਾ ਵਿਚ ਪੂਰਨ ਸਿੰਘ ਨੇ ਖੁੱਲ੍ਹੀ ਕਵਿਤਾ ਦਾ ਆਗ਼ਾਜ਼ ਕੀਤਾ ਸੀ। ਬਾਅਦ ਵਿਚ ਦੀਵਾਨ ਸਿੰਘ ਕਾਲੇਪਾਣੀ ਨੇ ਇਸ ਨੂੰ ਅੱਗੇ ਤੋਰਿਆ। ਬਾਵਾ ਬਲਵੰਤ, ਅੰਮ੍ਰਿਤਾ ਪ੍ਰੀਤਮ ਅਤੇ ਮੋਹਨ ਸਿੰਘ ਨੇ ਵੀ ਕੁਝ ਖੁੱਲ੍ਹੀਆਂ ਕਵਿਤਾਵਾਂ ਲਿਖੀਆਂ ਹਨ। ਸ਼ਿਵ ਕੁਮਾਰ ਮੁੱਖ ਤੌਰ ਤੇ ਛੰਦਬੱਧ ਪ੍ਰਗੀਤ ਅਤੇ ਕਾਵਿ ਰੂਪ ਗੀਤ ਦਾ ਸ਼ਾਹ ਸਵਾਰ ਸੀ ਪਰੰਤੂ ਹੈਰਾਨੀ ਵਾਲੀ ਗੱਲ ਹੈ ਕਿ ਸ਼ਿਵ ਕੁਮਾਰ ਨੇ ਵੀ ਕੁਝ ਖੁੱਲ੍ਹੀਆਂ ਕਵਿਤਾਵਾਂ ਲਿਖੀਆਂ ਹਨ। ਭਾਵੇਂ ਉਸ ਦੀਆਂ ਖੁੱਲ੍ਹੀਆਂ ਕਵਿਤਾਵਾਂ ਵਿਚ ਵੀ ਪ੍ਰਗੀਤ ਹਾਜ਼ਰ ਰਹਿੰਦਾ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ਼ਿਵ ਕੁਮਾਰ ਨੇ ਗੀਤ, ਗ਼ਜ਼ਲ, ਗੀਤਨੁਮਾ ਕਵਿਤਾਵਾਂ ਅਤੇ ਬਿਰਤਾਂਤਕ ਕਵਿਤਾਵਾਂ ਦੀ ਸਿਰਜਣਾ ਕੀਤੀ ਹੈ।

## ਬਿਰਹਾ ਤੂ ਸੁਲਤਾਨ ਦੀ ਕਲਾਤਮਿਕ ਮਹੱਤਤਾ

ਸ਼ਿਵ ਕੁਮਾਰ ਦੀ ਪ੍ਰਸਿੱਧੀ ਭਾਵੇਂ ਬਿਰਹੋਂ ਦੇ ਕਵੀ ਵਜੋਂ ਹੈ ਅਤੇ ਉਸ ਦਾ ਮੁੱਖ ਕਾਵਿ ਰੂਪ ਗੀਤ ਮੰਨਿਆ ਜਾਂਦਾ ਹੈ ਪਰ ਉਸ ਦੀ ਪੁਸਤਕ ਬਿਰਹਾ ਤੂ ਸੁਲਤਾਨ ਦਾ ਅਧਿਐਨ ਦਰਸਾਉਂਦਾ ਹੈ ਕਿ ਉਸ ਨੇ ਬਿਰਹੋਂ ਤੋਂ ਇਲਾਵਾ ਹੋਰ ਵਿਸ਼ਿਆਂ ਨੂੰ ਵੀ ਲਿਆ ਹੈ ਅਤੇ ਬੜੀ ਮੌਲਿਕ ਦ੍ਰਿਸ਼ਟੀ ਨਾਲ ਨਿਭਾਇਆ ਹੈ। ਇਸੇ ਪ੍ਰਕਾਰ ਉਸ ਨੇ ਗੀਤਾਂ ਤੋਂ ਇਲਾਵਾ ਗ਼ਜ਼ਲਾਂ ਅਤੇ ਬਿਰਤਾਂਤਕ ਕਵਿਤਾ ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਸ਼ਿਵ ਕੁਮਾਰ ਆਪਣੇ ਸਮੇਂ ਦਾ ਹੀ ਪ੍ਰਸਿੱਧ ਕਵੀ ਨਹੀਂ ਸੀ ਸਗੋਂ ਉਸ ਦੀ ਮੌਤ ਤੋਂ ਚਾਰ ਦਹਾਕਿਆਂ ਬਾਅਦ ਵੀ ਉਸਦੀ ਪ੍ਰਸਿੱਧੀ ਕਾਇਮ ਹੈ ਤਾਂ ਇਸ ਦਾ ਕਾਰਨ ਉਸ ਦੀ ਕਾਵਿਯੋਗਤਾ ਹੈ। ਸ਼ਿਵ ਕੁਮਾਰ ਕਾਵਿ ਦੀਆਂ ਕਲਾਤਮਿਕ ਜੁਗਤਾਂ ਪਰੰਪਰਿਕ ਵੀ ਹਨ ਅਤੇ ਨਵੀਆਂ ਵੀ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸ਼ਿਵ ਕੁਮਾਰ ਆਪਣੇ ਭਾਵਾਂ, ਵਿਚਾਰਾਂ ਨੂੰ ਪਰਗਟ ਕਰਨ ਲਈ ਢੁਕਵੀਂ ਕਾਵਿ ਭਾਸ਼ਾ ਚੁਣਦਾ ਹੈ ਅਤੇ ਉਸ ਭਾਸ਼ਾ ਨਾਲ ਅਜਿਹੇ ਬਿੰਬ ਸਿਰਜਦਾ ਹੈ ਜੋ ਪਾਠਕ ਨੂੰ ਆਪਣੇ ਨਾਲ ਵਹਾ ਲਿਜਾਂਦੇ ਹਨ।

**ਸ਼ਿਵ ਕੁਮਾਰ ਦੀ ਭਾਸ਼ਾ -**

ਸ਼ਿਵ ਕੁਮਾਰ ਦੀ ਭਾਸ਼ਾ ਬੜੀ ਠੇਠ ਹੈ। ਪੰਜਾਬੀ ਦੀ ਮਾਝੀ ਉਪ ਭਾਸ਼ਾ ਉਪਰ ਪਹਾੜੀ ਭਾਸ਼ਾ ਦਾ ਹਲਕਾ ਜਿਹਾ ਅਸਰ ਹੈ। ਸ਼ਿਵ ਕੁਮਾਰ ਦੇ ਨਾਂ ਨਾਲ ਬਟਾਲਾ ਲਗਦਾ ਹੈ ਅਤੇ ਉਹ ਕੁਝ ਸਮਾਂ ਚੰਡੀਗੜ੍ਹ ਵੀ ਰਿਹਾ ਪਰ ਅਸਲ ਵਿਚ ਉਸ ਦੀ ਭਾਸ਼ਾ ਬਟਾਲੇ ਦੇ ਆਲੇ-ਦੁਆਲੇ ਦੇ ਪਿੰਡਾਂ ਦੀ ਠੇਠ ਦੇਸੀ ਭਾਸ਼ਾ ਹੈ। ਸ਼ਾਇਦ ਇਸਦਾ ਕਾਰਨ ਉਸ ਦਾ ਬਚਪਨ ਬਟਾਲੇ ਵਿਚ ਬੀਤਣਾ ਅਤੇ ਵੱਡਾ ਹੋ ਕੇ ਬਟਾਲੇ ਦੇ ਆਲੇ-ਦੁਆਲੇ ਪਟਵਾਰੀ ਵਜੋਂ ਨੌਕਰੀ ਕਰਨਾ ਹੋਵੇ। ਉਸ ਦੀ ਭਾਸ਼ਾ ਵਿਚ ਖੇਤੀਬਾੜੀ ਨਾਲ ਸਬੰਧਤ ਸ਼ਬਦਾਵਲੀ ਦੀ ਬਹੁਤਾਤ ਹੈ। ਉਸ ਦੇ ਵਰਤੇ ਹੋਏ ਬਹੁਤ ਸਾਰੇ ਸ਼ਬਦ ਏਨੇ ਠੇਠ ਹਨ ਕਿ ਉਹ ਕੋਸ਼ਾਂ ਵਿਚ ਵੀ ਨਹੀਂ ਮਿਲਦੇ। ਉਨ੍ਹਾਂ ਨੂੰ ਕੋਈ ਪੇਂਡੂ ਹੀ ਦੱਸ ਸਕਦਾ ਹੈ। ਸ਼ਿਵ ਕੁਮਾਰ ਦੀ ਇਕ ਹੋਰ ਖ਼ਾਸੀਅਤ ਉਸ ਨੂੰ ਘਰੇਲੂ ਰਸਮਾਂ ਰਿਵਾਜਾਂ ਸਮੇਂ ਕੀਤੇ ਜਾਣ ਵਾਲੇ ਕੁਝ ਅਨੁਸ਼ਠਾਨਿਕ ਕਿਰਿਆਵਾਂ ਅਤੇ ਉਨ੍ਹਾਂ ਨਾਲ ਜੁੜੀ ਸ਼ਬਦਾਵਲੀ ਦੀ ਡੂੰਘੀ ਸੋਝੀ ਹੋਣੀ ਹੈ। ਉਸ ਦੇ ਭਾਸ਼ਾ ਰਜਿਸਟਰ ਦਾ ਇਕ ਪਸਾਰ ਖੇਤੀ ਨਾਲ ਜੁੜਦਾ ਹੈ ਤਾਂ ਦੂਜਾ ਅਨੁਸ਼ਠਾਨਿਕ ਹੈ। ਖੇਤੀਬਾੜੀ ਦੇ ਨਾਲੋ ਨਾਲ ਉਸ ਦੀ ਮੁਹਾਰਤ ਪੰਜਾਬ ਦੀ ਬਨਸਪਤੀ ਦੇ ਨਾਨਾ ਪ੍ਰਕਾਰ ਨੂੰ ਪੇਸ਼ ਕਰਨ ਵਿਚ ਹੈ। ਉਸ ਦੀ ਕਵਿਤਾ ਵਿਚ ਖੇਤੀ ਅਤੇ ਬਨਸਪਤੀ ਨਾਲ ਸਬੰਧਤ ਸ਼ਬਦਾਵਲੀ ਦੀ ਬਹੁਤਾਤ ਹੈ। ਉਦਾਹਰਨ ਵਜੋਂ ਮਿਰਚਾਂ, ਕਿੱਕਰ, ਮਲ੍ਹੇ, ਧਰਕੋਨੇ, ਸ਼ਰੀਂਹ, ਕੱਲਰ, ਆੜਾਂ, ਨਸਾਰਾਂ, ਥੋਹਰ, ਚੰਬਾ, ਮਰੂਆ, ਅੰਬ, ਅੱਕ ਧਤੂਰੜੇ, ਪੋਹਲੀ, ਸ਼ਹਿਤੂਤ, ਭੱਖੜਾ, ਭੁਘਾਟ, ਮੁੰਜਰਾਂ, ਨਮੋਲੀਆਂ, ਕਨੇਰ, ਕੰਗਣੀ, ਲਾਜਵੰਤੀ, ਮੌਲਸਰੀ, ਅਮਲਤਾਸ ਆਦਿ ਨੂੰ ਦੇਖਿਆ ਜਾ ਸਕਦਾ ਹੈ। ਇਸੇ ਪ੍ਰਕਾਰ ਉਸ ਦੀ ਕਵਿਤਾ ਵਿਚ ਅਨੁਸ਼ਠਾਨਿਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਅਰਘ, ਮਹਿੰਦੀ, ਚੰਦਨ, ਦੌਣੀ, ਫੁਲਕਾਰੀ, ਕੰਜਕਾਂ, ਰਾੜੇ, ਗੰਗਾਜਲ, ਚੌਕੀਆਂ, ਵਟਣਾ ਆਦਿ। ਸ਼ਿਵ ਕੁਮਾਰ ਕਾਵਿ ਵਿਚ ਅਨੁਸ਼ਠਾਨਿਕ ਸ਼ਬਦਾਵਲੀ ਦੀ ਵਰਤੋਂ ਦਾ ਕਾਰਨ ਉਸ ਦਾ ਬ੍ਰਾਹਮਣੀ ਪਰਿਵਾਰ ਵਿਚ ਪੈਦਾ ਹੋਣਾ ਵੀ ਹੋ ਸਕਦਾ ਹੈ ਅਤੇ ਉਸ ਨੂੰ ਪੰਜਾਬੀ ਲੋਕਧਾਰਾ ਦਾ ਡੂੰਘਾ ਅਨੁਭਵ ਹੋਣਾ ਵੀ ਹੈ। ਸ਼ਿਵ ਕੁਮਾਰ ਦੀ ਕਾਵਿ ਭਾਸ਼ਾ ਵਿਚ ਉਹ ਧੁਨੀਆਂ ਵੀ ਸੁਣਾਈ ਦਿੰਦੀਆਂ ਹਨ ਜਿਹੜੀਆਂ ਧੁਨੀਆਂ ਅਜੋਕੀ ਪੰਜਾਬੀ ਵਿਚ ਅਲੋਪ ਹੋ ਰਹੀਆਂ ਹਨ ਜਾਂ ਘੱਟ ਵਰਤੀਆਂ ਜਾਂਦੀਆਂ ਹਨ ਜਿਵੇਂ ਅੰਙਣਾ, ਕੰਙਣਾ ਆਦਿ। ਸ਼ਿਵ ਕੁਮਾਰ ਦੀ ਕਵਿਤਾ ਵਿਚ ਪਹਾੜੀ ਇਲਾਕੇ ਵਿਚ ਵਰਤੇ ਜਾਂਦੇ ਸ਼ਬਦ ਵੀ ਮਿਲਦੇ ਹਨ ਜਿਵੇਂ ਰੰਬੇ ਲਈ ਗੋਡਣੂ ਵਰਤਿਆ ਹੈ।

**ਅਲੰਕਾਰ -**

ਭਾਰਤੀ ਸਾਹਿਤ ਆਲੋਚਨਾ ਪ੍ਰਣਾਲੀ ਵਿਚ ਅਲੰਕਾਰ ਦਾ ਬਹੁਤ ਮਹੱਤਵ ਹੈ। ਇੱਥੋਂ ਤਕ ਕਿ ਸਾਹਿਤ ਆਲੋਚਨਾ ਨੂੰ ਅਲੰਕਾਰ ਸ਼ਾਸ਼ਤਰ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ। ਭਾਰਤੀ ਸਾਹਿਤ ਅਚਾਰੀਆਂ ਨੇ ਬਹੁਤ ਬਾਰੀਕਬੀਨੀ ਨਾਲ ਅਲੰਕਾਰਾਂ ਦੀ ਵਰਗ ਵੰਡ ਕੀਤੀ ਹੈ। ਅਲੰਕਾਰ ਦਾ ਸ਼ਾਬਦਿਕ ਅਰਥ ਭਾਵੇਂ ਗਹਿਣਾ ਹੁੰਦਾ ਹੈ ਅਤੇ ਕਈ ਵਾਰ ਕੁਝ ਆਲੋਚਕ ਅਲੰਕਾਰ ਨੂੰ ਕਵਿਤਾ ਦੇ ਗਹਿਣੇ ਹੋਣ ਤਕ ਸੀਮਤ ਕਰ ਦਿੰਦੇ ਹਨ ਜਦੋਂ ਕਿ ਅਸਲ ਵਿਚ ਕਵਿਤਾ ਦਾ ਸਰੀਰ ਅਤੇ ਰੂਹ ਵੀ ਅਲੰਕਾਰ ਹੀ ਹੁੰਦੇ ਹਨ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਆਮ ਭਾਸ਼ਾ ਨੂੰ ਕਾਵਿ ਭਾਸ਼ਾ ਵਿਚ ਅਲੰਕਾਰ ਹੀ ਬਦਲਦੇ ਹਨ। ਸ਼ਿਵ ਕੁਮਾਰ ਆਪਣੀ ਕਵਿਤਾ ਵਿਚ ਲੱਗਭਗ ਸਾਰੇ ਹੀ ਅਲੰਕਾਰਾਂ ਨੂੰ ਅਦਲ ਬਦਲ ਕੇ ਵਰਤਦਾ ਹੈ। ਉਦਾਹਰਨ ਵਜੋਂ ਉਸ ਦੀਆਂ ਕੁਝ ਵੰਨਗੀਆਂ ਵੇਖੀਆਂ ਜਾ ਸਕਦੀਆਂ ਹਨ।

**ਰੂਪਕ ਅਲੰਕਾਰ -**

ਸ਼ਿਵ ਕੁਮਾਰ ਨੇ ਆਪਣੀ ਕਵਿਤਾ ਵਿਚ ਰੂਪਕ ਅਲੰਕਾਰ ਨੂੰ ਆਮ ਵਰਤਿਆ ਹੈ। ਇਸ ਅਲੰਕਾਰ ਵਿਚ ਉਪਮੇਯ ਅਤੇ ਉਪਮਾਨ ਦੀ ਸਮਾਨਧਰਮਤਾ ਕਾਰਨ ਆਪਸ ਵਿਚ ਅਭੇਦਤਾ ਦਰਸਾਈ ਜਾਂਦੀ ਹੈ।

ਮੈਂ ਕੰਡਿਆਲੀ ਥੋਰ ਵੇ ਸੱਜਣਾ
ਉੱਗੀ ਵਿਚ ਉਜਾੜਾਂ ।
ਜਾਂ ਉਡਦੀ ਬਦਲੋਟੀ ਕੋਈ
ਵਰ੍ਹ ਗਈ ਵਿਚ ਪਹਾੜਾਂ ।
ਜਾਂ ਉਹ ਦੀਵਾ ਜਿਹੜਾ ਬਲਦਾ
ਪੀਰਾਂ ਦੀ ਦੇਹਰੀ ਤੇ
ਜਾਂ ਕੋਈ ਕੋਇਲ ਕੰਠ ਜੀਹਦੇ ਦੀਆਂ
ਸੂਤੀਆਂ ਜਾਵਣ ਨਾੜਾਂ
ਜਾਂ ਚੰਬੇ ਦੀ ਡਾਲੀ ਕੋਈ
ਜੋ ਬਾਲਣ ਬਣ ਜਾਵੇ
ਜਾਂ ਮਰੂਏ ਦਾ ਫੁੱਲ ਬਸੰਤੀ
ਜੋ ਠੂੰਗ ਜਾਣ ਗੁਟਾਰਾਂ
ਜਾਂ ਕੋਈ ਬੋਟ ਕਿ ਜਿਸ ਦੇ ਹਾਲੇ
ਨੈਣ ਨਹੀਂ ਸੀ ਖੁੱਲ੍ਹੇ
ਮਾਰਿਆ ਮਾਲੀ ਕੱਸ ਗੁਲੇਲਾ
ਲੈ ਦਾਖਾਂ ਦੀਆਂ ਆੜਾਂ । (ਬਿਰਹਾ ਤੂ ਸੁਲਤਾਨ, ਪੰਨਾ 21)

ਅਸੀਂ ਦੇਖਦੇ ਹਾਂ ਕਿ ਇਸ ਕਵਿਤਾ ਵਿਚ ਕਵੀ ਨੇ ਕਾਵਿ ਨਾਇਕ ਜਾਂ ਨਾਇਕਾ ਨੂੰ ਕੰਡਿਆਲੀ ਥੋਰ੍ਹ, ਬਦਲੋਟੀ, ਦੀਵਾ, ਕੋਇਲ, ਚੰਬੇ ਦੀ ਡਾਲੀ, ਮਰੂਏ ਦਾ ਫੁੱਲ, ਬੋਟ ਨਾਲ ਹੀ ਨਹੀਂ ਤੁਲਨਾਇਆ ਸਗੋਂ ਇਨ੍ਹਾਂ ਦਾ ਵਿਰੋਧ ਉਜਾੜ, ਪਹਾੜ, ਪੀਰਾਂ ਦੀ ਦੇਹਰੀ, ਕੰਠ ਦੀਆਂ ਸੂਤੀਆਂ ਨਾੜਾਂ, ਬਾਲਣ, ਗੁਟਾਰਾਂ ਦਾ ਠੂੰਗਣਾਂ, ਮਾਲੀ ਦਾ ਗੁਲੇਲਾ ਮਾਰਨ ਨਾਲ ਬਣਾਇਆ ਹੈ । ਇਕ ਤਰ੍ਹਾਂ ਨਾਲ ਕਵੀ ਨੇ ਰੂਪਕਾਂ ਦੀ ਲੜੀ ਸਿਰਜ ਦਿੱਤੀ ਹੈ । ਲੜੀ ਵਿਚਲੇ ਹਰ ਹਾਂ ਪੱਖੀ ਕਿਰਿਆ ਦੀ ਨਾਲੋ ਨਾਲ ਨਾਂਹ ਪੱਖੀ ਕਿਰਿਆ ਦਰਸਾ ਕੇ ਬਿਰਹਾ, ਉਦਾਸੀ, ਦੁੱਖ ਦੇ ਭਾਵ ਨੂੰ ਡੂੰਘਾ ਕੀਤਾ ਹੈ ।

**ਉਪਮਾ ਅਲੰਕਾਰ -**

ਜਿੱਥੇ ਰੂਪਕ ਵਿਚ ਉਪਮੇਯ ਅਤੇ ਉਪਮਾਨ ਅਭੇਦ ਹੋ ਜਾਂਦੇ ਹਨ, ਉਥੇ ਉਪਮਾ ਅਲੰਕਾਰ ਵਿਚ ਉਪਮੇਯ ਅਤੇ ਉਪਮਾਨ ਵਖ ਵਖ ਤਾਂ ਦਿਖਾਈ ਦਿੰਦੇ ਹਨ ਪਰ ਉਨ੍ਹਾਂ ਵਿਚ ਇਕ ਤੁਲਨਾ ਮੌਜੂਦ ਰਹਿੰਦੀ ਹੈ ।

ਸ਼ੀਸ਼ੋ ਦੀ ਮਾਂ ਰੰਗੋਂ ਲਾਖੀ
ਜਿਉਂ ਕਣਕਾਂ ਵਿੱਚ ਕੋਇਆ !
ਟੋਰ ਉਹਦੀ ਜਿਉਂ ਹੋਵੇ ਨਵੇਰਾ,
ਬਲਦ ਭਰਾਨੇ ਜੋਇਆ !
ਨੈਣ ਉਹਦੇ ਬਰਸਾਤੀ ਪਾਣੀ -
ਦਾ ਜਿਉਂ ਹੋਵੇ ਟੋਇਆ !
ਵਾਲ ਜਿਵੇਂ ਕਈ ਦੂਧੀ ਬੱਦਲ
ਸਰੂਆਂ ਉਹਲੇ ਹੋਇਆ ! (ਬਿਰਹਾ ਤੂ ਸੁਲਤਾਨ, ਪੰਨਾ-119)

ਇਨ੍ਹਾਂ ਕਾਵਿ ਸਤਰਾਂ ਵਿਚ ਜਿਉਂ, ਜਿਵੇਂ ਆਦਿ ਸ਼ਬਦ ਆਉਂਦੇ ਹਨ ਅਤੇ ਇਹ ਇਕ ਵਸਤੂ ਸਥਿਤੀ ਦਾ ਦੂਸਰੀ ਵਸਤੂ ਨਾਲ ਤੁਲਨਾ ਕਰਦੇ ਹਨ ।

**ਦ੍ਰਿਸ਼ਟਾਂਤ ਅਲੰਕਾਰ -**

ਦ੍ਰਿਸ਼ਟਾਂਤ ਅਲੰਕਾਰ ਵਿਚ ਕਵੀ ਉਦਾਹਰਨਾਂ ਦੇ ਕੇ ਸਮਝਾਉਂਦਾ ਹੈ :

ਇਉਂ ਕਰਕੇ ਮੈਂ ਘਿਰ ਜਾਂ ਅੜਿਆ
ਵਿਚ ਕਸੀਸਾਂ ਚੀਸਾਂ ਵੇ ।

ਜਿਉਂ ਗਿਰਝਾਂ ਦਾ ਟੋਲਾ ਕੋਈ,
ਮੋਇਆ ਕਰੰਗ ਧਰੀੜੇ ਵੇ । (ਬਿਰਹਾ ਤੂ ਸੁਲਤਾਨ, ਪੰਨਾ-40)

**ਉਤਪ੍ਰੇਖਿਆ ਅਲੰਕਾਰ -**

ਜਦੋਂ ਵਰਣਨ ਕੀਤੀ ਵਸਤੂ ਭਾਵ ਉਪਮੇਯ ਦੀ ਉਸ ਦੇ ਨਾਲ ਰਲਦੀ-ਮਿਲਦੀ ਹੋਰ ਵਸਤ ਦੀ ਉਪਮਾਨ ਦੇ ਰੂਪ ਵਿਚ ਸੰਭਾਵਨਾ ਵਿਅਕਤ ਕੀਤੀ ਜਾਵੇ ਤਾਂ ਉਥੇ ਉਤਪ੍ਰੇਖਿਆ ਅਲੰਕਾਰ ਹੁੰਦਾ ਹੈ । ਉਦਾਹਰਨ ਵਜੋਂ :

ਏਸ ਗ੍ਰਾਂ ਵਿਚ ਸਰਘੀ ਵੇਲੇ
ਉੱਚੇ ਚਿੱਟੇ ਦੁੱਧ ਚੁਬਾਰੇ
ਈਕਣ ਲੱਗਣ ਪਿਆਰੇ ਪਿਆਰੇ
ਜੀਕਣ ਕਾਲੀ ਬੱਦਲੀ ਦੇ ਵਿਚੋਂ
ਚਿੱਟਾ ਬਗਲਾ ਤਾਰੀ ਮਾਰੇ

**ਅਨੁਪ੍ਰਾਸ ਅਲੰਕਾਰ -**

ਅਨੁਪ੍ਰਾਸ ਅਲੰਕਾਰ ਸ਼ਬਦ ਅਲੰਕਾਰ ਹੈ ਜਿਸ ਵਿਚ ਕੁਝ ਧੁਨੀਆਂ ਦਾ ਦੁਹਰਾਓ ਕੀਤਾ ਜਾਂਦਾ ਹੈ ਜਿਸ ਨਾਲ ਸ਼ਾਬਦਿਕ ਪੱਧਰ ਤੇ ਸੰਗੀਤ ਪੈਦਾ ਹੁੰਦਾ ਹੈ । ਉਦਾਹਰਨ ਵਜੋਂ ਹੇਠ ਲਿਖੇ ਬੰਦ ਵਿਚ ਣ ਧੁਨੀ ਦਾ 7 ਵਾਰ ਦੁਹਰਾਓ ਹੈ :

ਰੁਣਝੁਣ ਰੁਣਝੁਣ ਟੁਣਕਣ, ਸਾਜ਼-ਸਮੀਰੀ
ਜਿਉਂ ਛਣਕਣ ਬੀਜ ਸ਼ਰੀਂਹ ਦੀ ਸੁੱਕੀ ਫਲੀਏਂ (ਬਿਰਹਾ ਤੂ ਸੁਲਤਾਨ, ਪੰਨਾ-32)

ਅਸਲ ਵਿਚ ਤਾਂ ਸ਼ਿਵ ਕੁਮਾਰ ਕੋਲ ਅਲੰਕਾਰਾਂ, ਖ਼ਾਸ ਕਰਕੇ ਉਪਮਾ ਤੇ ਰੂਪਕ ਅਲੰਕਾਰਾਂ ਦਾ ਢੇਰ ਹੈ । ਉਹ ਇਕੋ ਭਾਵ ਨੂੰ ਪਰਗਟ ਕਰਨ ਲਈ ਰੂਪਕਾਂ ਦੀ ਲੜੀ ਬਣਾ ਦਿੰਦਾ ਹੈ । ਉਸ ਦੀ ਇਹ ਖਾਸੀਅਤ ਉਸ ਨੂੰ ਦੂਸਰੇ ਕਵੀਆਂ ਤੋਂ ਨਿਖੇੜਦੀ ਹੈ । ਬਹੁਤੀ ਵਾਰ ਉਹ ਇਕੋ ਰੂਪਕ ਨੂੰ ਏਨਾ ਸ਼ਕਤੀਸ਼ਾਲੀ ਬਣਾ ਦਿੰਦਾ ਹੈ ਕਿ ਬਾਕੀ ਕਾਵਿ ਰਚਨਾ ਉਸੇ ਰੂਪਕ ਦੀ ਗਰਿਮਾ ਨੂੰ ਵਧਾਉਂਦੇ ਹਨ ।

**ਬਿੰਬ ਵਿਧਾਨ**

ਅਕਸਰ ਇਹ ਕਿਹਾ ਜਾਂਦਾ ਹੈ ਕਿ ਬਿੰਬਾਂ ਵਿਚ ਸੋਚਣਾ ਹੀ ਕਵਿਤਾ ਹੈ । ਵੈਸੇ ਤਾਂ ਹਰ ਸ਼ਬਦ ਹੀ ਭਾਸ਼ਾ ਵਿਗਿਆਨਕ ਪੱਖ ਤੋਂ ਬਿੰਬ ਸਿਰਜਦਾ ਹੈ ਪਰੰਤੂ ਇਥੇ ਸਾਡਾ ਭਾਵ ਕਾਵਿ ਬਿੰਬ ਤੋਂ ਹੈ । ਕਾਵਿ ਬਿੰਬ ਦਾ ਪ੍ਰਕਾਰਜ ਦੂਹਰਾ ਹੁੰਦਾ ਹੈ । ਇਹ ਅਮੂਰਤ ਨੂੰ ਸਮੂਰਤ ਅਤੇ ਸਮੂਰਤ ਨੂੰ ਅਮੂਰਤ ਕਰਦਾ ਰਹਿੰਦਾ ਹੈ । ਕਾਵਿ ਵਿਚਾਰ ਅਤੇ ਕਾਵਿ ਸੰਚਾਰ ਵਿਚ ਬਿੰਬ ਦਾ ਯੋਗਦਾਨ ਹਮੇਸ਼ਾ ਹੀ ਅਹਿਮ ਰਿਹਾ ਹੈ । ਬਿੰਬਾਂ ਦੀ ਵਰਗ ਵੰਡ ਕਈ ਢੰਗਾਂ ਨਾਲ ਕੀਤੀ ਜਾਂਦੀ ਹੈ । ਬਿੰਬਾਂ ਦੀ ਵਰਗ ਵੰਡ ਕਰਨ ਦਾ ਇਕ ਢੰਗ ਮਾਨਵੀ ਇੰਦਰੀਆਂ ਦੇ ਅਧਾਰ ਉਪਰ ਹੈ । ਅੱਖਾਂ ਰਾਹੀਂ ਦੇਖਣ ਨਾਲ ਸਬੰਧਤ ਦ੍ਰਿਸ਼ ਬਿੰਬ, ਕੰਨਾਂ ਰਾਹੀਂ ਸੁਣਨ ਨਾਲ ਸਬੰਧਤ ਸ੍ਰਵ ਬਿੰਬ, ਚਮੜੀ ਦੇ ਛੁਹਣ ਨਾਲ ਸਬੰਧਤ ਸਪਰਸ਼ ਬਿੰਬ, ਨੱਕ ਰਾਹੀਂ ਸੁੰਘਣ ਨਾਲ ਸਬੰਧਤ ਗੰਧ ਬਿੰਬ ਅਤੇ ਜੀਭ ਰਾਹੀਂ ਚੱਖਣ ਨਾਲ ਸਬੰਧਤ ਸੁਆਦ ਬਿੰਬ ਹੁੰਦੇ ਹਨ । ਸ਼ਿਵ ਕੁਮਾਰ ਦੇ ਕਾਵਿ ਵਿਚ ਸਭ ਤਰ੍ਹਾਂ ਦੇ ਬਿੰਬ ਹੀ ਮੌਜੂਦ ਹਨ ।ਜਿਵੇਂ :

**ਦ੍ਰਿਸ਼ ਬਿੰਬ -**

ਸ਼ਾਮ ਦੀ ਮੈਂ ਫਿੱਕੀ ਫਿੱਕੀ,
ਉੱਡੀ ਉੱਡੀ ਧੁੰਦ ਵਿਚੋਂ,
ਨਿੰਮ੍ਹੇ ਨਿੰਮ੍ਹੇ ਟਾਂਵੇਂ ਟਾਂਵੇਂ,
ਤਾਰੇ ਪਿਆ ਵੇਖਦਾ
ਦੂਰ ਅੱਜ ਪਿੰਡ ਤੋਂ -
ਮੈਂ ਡੰਡੀਆਂ ਤੇ ਖੜਾ ਖੜਾ
ਮੰਦਰਾਂ ਦੇ ਕਲਸ ਤੇ -
ਮੁਨਾਰੇ ਪਿਆ ਵੇਖਦਾ
ਹੌਲੀ ਹੌਲੀ ਉੱਡ ਉੱਡ
ਰੁੰਡਿਆਂ ਜਹੇ ਰੁੱਖਾਂ ਉੱਤੇ,
ਬਹਿੰਦੀਆਂ ਮੈਂ ਡਾਰਾਂ ਦੇ -

ਨਜ਼ਾਰੇ ਪਿਆ ਵੇਖਦਾ । (ਬਿਰਹਾ ਤੂ ਸੁਲਤਾਨ, ਪੰਨਾ -35)

**ਗੰਧ ਬਿੰਬ -**

ਉਥੇ ਇਤਰਾਂ ਦੇ ਵਗਦੇ ਨੇ ਚੋ
ਜਿੱਥੇ ਮੇਰਾ ਯਾਰ ਵਸਦਾ
ਜਾਂ
ਤਨ ਦੀ ਸੰਦਲੀ ਗੇਲੀ ਵਿੱਚੋਂ
ਇਹ ਕੇਹੀ ਖੁਸ਼ਬੂ ਪਈ ਆਵੇ
ਜੀਕਣ ਹਿੰਗ ਕਥੂਰੀ ਦੇ ਵਿਚ
ਛਿੱਟ ਸਾਰੀ ਡੁੱਲ੍ਹ ਜਾਏ
ਤੇ ਮਰਨ ਸੁਗੰਧੀਆਂ (ਬਿਰਹਾ ਤੂ ਸੁਲਤਾਨ, ਪੰਨਾ-88)

**ਸ੍ਰਵ ਬਿੰਬ -**

ਅੱਧੀ ਰਾਤੀਂ ਚਾਨਣ ਦੀ
ਕੱਚੜੀ ਜਿਹੀ ਬਾਉਲੀ ਉੱਤੇ
ਨਾਉ੍ਹਣ ਪਈਆਂ ਫੰਬੀਆਂ ਕੁਆਰੀਆਂ ਵੇ ਹੋ !
ਦੂਰ ਕਿਤੇ ਪਿੰਡ ਦੇ ਨੀ
ਮੈਰ੍ਹੇ "ਚ ਟਟ੍ਹੀਰੀਆਂ,
ਰੋਣ ਪਈਆਂ ਕਰਮਾਂ ਨੂੰ ਮਾਰੀਆਂ ਵੇ ਹੋ !

**ਸਪਰਸ਼ ਬਿੰਬ -**

ਅਜ ਫੇਰ ਕੋਈ ਲੈ ਗਿਆ
ਮੇਰਾ ਗ਼ਮ ਉਧਾਲ ਕੇ !
ਵਰ੍ਹਿਆਂ ਤੋਂ ਬਾਅਦ ਗੋਦ ਵਿੱਚ
ਦੋ ਪਲ ਬਿਠਾਲ ਕੇ !
ਘਣੀਆਂ ਸਿਆਹ ਕਾਲੀਆਂ
ਸੰਦਲੀ ਲਿਟੂਰੀਆਂ
ਮਿਣਦਾ ਰਿਹਾ ਕੋਈ ਰਾਤ ਭਰ
ਬਾਂਹ ਤੇ ਸੁਆਲ ਕੇ ! (ਬਿਰਹਾ ਤੂ ਸੁਲਤਾਨ, ਪੰਨਾ 92)

**ਸੁਆਦ ਬਿੰਬ -**

ਆਖ ਸੂ ਨੀ ਖਾ ਲਏ ਟੁੱਕ
ਹਿਜਰਾਂ ਦਾ ਪੱਕਿਆ,
ਲੇਖਾਂ ਦੇ ਨੀ ਪੁੱਠੜੇ ਤਵੇ !
ਚਟ ਲਏ ਤ੍ਰੇਲ ਲੂਣੀ -
ਗ਼ਮਾਂ ਦੇ ਗੁਲਾਬ ਤੋਂ ਨੀ,
ਕਾਲਜੇ ਨੂੰ ਹੌਂਸਲਾ ਰਵ੍ਹੇ ! (ਬਿਰਹਾ ਤੂ ਸੁਲਤਾਨ, ਪੰਨਾ - 74)

**ਪ੍ਰਤੀਕ :**

ਕਾਵਿ ਪ੍ਰਤੀਕ ਅਜਿਹੇ ਸ਼ਬਦ ਜਾਂ ਸ਼ਬਦਾਂ ਰਾਹੀਂ ਸਿਰਜੇ ਵਾਕ ਹੁੰਦੇ ਹਨ ਜਿਹੜੇ ਆਪਣੇ ਕੋਸ਼ਗਤ ਅਰਥਾਂ ਤੋਂ ਪਾਰ ਜਾ ਕੇ ਵਿਸ਼ੇਸ਼ ਅਰਥਾਂ ਦਾ ਬੋਧ ਕਰਾਉਂਦੇ ਹਨ । ਇਕ ਤਰ੍ਹਾਂ ਨਾਲ ਕਾਵਿ ਵਿਚ ਪ੍ਰਤੀਕ ਦਾ ਭਾਵ ਅਜਿਹੀ ਵਸਤੂ ਤੋਂ ਹੁੰਦਾ ਹੈ ਜੋ ਕਿਸੇ ਹੋਰ ਵਸਤ ਜਾਂ ਭਾਵ ਦਾ ਬੋਧ ਕਰਾਉਂਦੀ ਹੈ । ਮੁਢਲੇ ਤੌਰ ਤੇ ਤਾਂ ਪ੍ਰਤੀਕ ਇਕ ਤਰ੍ਹਾਂ ਨਾਲ ਰੂੜ ਹੋਇਆ ਰੂਪਕ ਹੀ ਹੁੰਦਾ ਹੈ । ਉਦਾਹਰਨ ਵਜੋਂ ਜਿਵੇਂ ਸੁੰਦਰ ਮੁਖੜੇ ਨੂੰ ਚੰਨ ਨਾਲ ਤੁਲਨਾਇਆ ਜਾਂਦਾ

ਹੈ। ਜਦੋਂ ਇਹ ਤੁਲਨਾ ਵਾਰ ਵਾਰ ਹੋਵੇ ਤਾਂ ਉਹ ਪ੍ਰਤੀਕ ਬਣ ਜਾਂਦੀ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਕਾਵਿ ਪ੍ਰਤੀਕ ਵਿਚ ਦੋ ਵਸਤਾਂ ਦੀ ਸਮਾਨਧਰਮਕਤਾ ਹੁੰਦੀ ਹੈ। ਇਸੇ ਕਾਰਨ ਹੀ ਵਸਤ ਕੋਸ਼ਗਤ ਅਰਥਾਂ ਤੋਂ ਅੱਗੇ ਜਾ ਕੇ ਅਰਥ ਦਿੰਦੀ ਹੈ। ਕਾਵਿ ਬਿੰਬਾਂ ਵਾਂਗ ਹੀ ਕਾਵਿ ਪ੍ਰਤੀਕਾਂ ਦੀ ਵੰਡ ਵੀ ਕਈ ਢੰਗਾਂ ਨਾਲ ਕੀਤੀ ਜਾਂਦੀ ਹੈ। ਕਦੇ ਇਸ ਨੂੰ ਪਰੰਪਰਿਕ ਅਤੇ ਨਵੀਨ ਵਿਚ ਵੰਡ ਲਿਆ ਜਾਂਦਾ ਹੈ। ਕਦੇ ਇਸ ਨੂੰ ਸਮਾਜਿਕ ਅਤੇ ਵਿਅਕਤੀਗਤ ਰੂਪ ਵਿਚ ਵੰਡ ਲਿਆ ਜਾਂਦਾ ਹੈ ਅਤੇ ਕਈ ਵਾਰ ਇਸ ਨੂੰ ਸ਼ਬਦ, ਵਾਕੰਸ਼, ਵਾਕ ਅਤੇ ਸਮੁੱਚੇ ਪ੍ਰਬੰਧ ਦੇ ਰੂਪ ਵਿਚ ਵੀ ਵੰਡ ਲਿਆ ਜਾਂਦਾ ਹੈ। ਸ਼ਿਵ ਕੁਮਾਰ ਵਿਚ ਨਾ ਕੇਵਲ ਪਰੰਪਰਿਕ ਪ੍ਰਤੀਕ ਹੀ ਮਿਲਦੇ ਹਨ ਸਗੋਂ ਉਹ ਨਵੇਂ ਪ੍ਰਤੀਕ ਵੀ ਸਿਰਜਦਾ ਹੈ :

ਮਾਏ ! ਨੀ ਮਾਏ !<br>
ਮੈਂ ਇਕ ਸ਼ਿਕਰਾ ਯਾਰ ਬਣਾਇਆ<br>
ਚੂਰੀ ਕੁੱਟਾਂ,<br>
ਤੇ ਉਹ ਖਾਂਦਾ ਨਾਹੀਂ<br>
ਉਹਨੂੰ ਦਿਲ ਦਾ ਮਾਸ ਖਵਾਇਆ<br>
ਇਕ ਉਡਾਰੀ ਐਸੀ ਮਾਰੀ<br>
ਉਹ ਮੁੜ ਵਤਨੀ ਨਹੀਂ ਆਇਆ (ਬਿਰਹਾ ਤੂ ਸੁਲਤਾਨ, ਪੰਨਾ -178)

ਇਸ ਕਾਵਿ ਬੰਦ ਵਿਚ ਸ਼ਿਕਰੇ ਦਾ ਅਰਥ ਪੰਛੀ ਸ਼ਿਕਰਾ ਨਹੀਂ ਹੈ ਸਗੋਂ ਸ਼ਿਕਰਾ ਅਜਿਹੇ ਪ੍ਰੇਮੀ ਦਾ ਪ੍ਰਤੀਕ ਬਣ ਜਾਂਦਾ ਹੈ ਜੋ ਵਿਛੋੜਾ ਦੇ ਚੁੱਕਾ ਹੈ ਪਰ ਉਸ ਦੀ ਯਾਦ ਸਤਾ ਰਹੀ ਹੈ। ਇਸ ਬੰਦ ਵਿਚ ਸ਼ਿਕਰਾ ਸਿਰਜੇ ਜਾ ਰਹੇ ਪ੍ਰਤੀਕ ਦਾ ਆਧਾਰੀ ਸ਼ਬਦ ਹੈ, ਬਾਕੀ ਸਾਰੀ ਰਚਨਾ ਵਿਚ ਇਹ ਪ੍ਰਤੀਕ ਫੈਲ ਜਾਂਦਾ ਹੈ। ਇੰਜ ਇਹ ਪ੍ਰਤੀਕਾਤਮਿਕ ਪ੍ਰਬੰਧ ਸਿਰਜਦਾ ਹੈ। ਸ਼ਿਕਰੇ ਅਤੇ ਪ੍ਰੇਮੀ ਦਰਮਿਆਨ ਸਾਂਝ ਵੀ ਦਰਸਾਈ ਗਈ ਹੈ।

ਸ਼ਿਵ ਕੁਮਾਰ ਦੀ ਕਵਿਤਾ ਵਿਚ ਪਰੰਪਰਿਕ ਅਤੇ ਆਧੁਨਿਕ ਕਾਵਿ ਜੁਗਤਾਂ ਦਾ ਸੁਮੇਲ ਹੋਇਆ ਹੈ। ਸ਼ਿਵ ਕੁਮਾਰ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸ ਨੇ ਸਦੀਆਂ ਪੁਰਾਣੇ ਵਿਸ਼ੇ ਨੂੰ ਆਪਣੀ ਮੌਲਿਕਤਾ ਨਾਲ ਨਵੀਨਤਾ ਬਖ਼ਸ਼ੀ ਹੈ। ਉਸ ਦੀ ਨਵੀਨਤਾ ਵਿਸ਼ਿਆਂ ਕਰਕੇ ਨਹੀਂ ਸਗੋਂ ਉਸ ਦੀ ਕਾਵਿ ਜੁਗਤ ਕਰਕੇ ਹੈ। ਇਹ ਕਾਵਿ ਜੁਗਤ ਸ਼ਬਦ ਚੋਣ ਤੋਂ ਲੈ ਕੇ ਸਮੁੱਚੀ ਰਚਨਾ ਦੇ ਪ੍ਰਬੰਧ ਤਕ ਫੈਲੀ ਹੋਈ ਹੈ ਜਿਸ ਵਿਚ ਅਲੰਕਾਰ , ਬਿੰਬ, ਪ੍ਰਤੀਕ ਕਿਸੇ ਵਿਸ਼ੇਸ਼ ਤਰੱਦਦ ਕਰਕੇ ਨਹੀਂ ਆਏ ਸਗੋਂ ਸਹਿਜ ਹੀ ਸਮਾਏ ਹੋਏ ਹਨ।

## ਆਧੁਨਿਕ ਪੰਜਾਬੀ ਕਵਿਤਾ ਵਿਚ ਸ਼ਿਵ ਕੁਮਾਰ ਦਾ ਸਥਾਨ

ਸ਼ਿਵ ਕੁਮਾਰ ਨੇ ਜਿਸ ਸਮੇਂ ਕਵਿਤਾ ਲਿਖਣੀ ਸ਼ੁਰੂ ਕੀਤੀ ਉਸ ਸਮੇਂ ਆਧੁਨਿਕ ਪੰਜਾਬੀ ਕਵਿਤਾ ਇਕ ਨਵੇਂ ਮੋੜ ਤੇ ਖੜੀ ਸੀ। ਆਧੁਨਿਕ ਪੰਜਾਬੀ ਕਵਿਤਾ ਦੀ ਪਹਿਲੀ ਪੀੜ੍ਹੀ ਦੇ ਕਵੀ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ ਆਦਿ ਆਪਣੀ ਚਰਮ ਸੀਮਾ ਹੰਢਾ ਚੁੱਕੇ ਸਨ ਜਾਂ ਜੀਵਨ ਪੰਧ ਮੁਕਾ ਚੁੱਕੇ ਸਨ। ਉਨ੍ਹਾਂ ਨਾਲ ਅਧਿਆਤਮਿਕ-ਰਹੱਸਵਾਦੀ ਅਤੇ ਪ੍ਰਕਿਰਤੀ ਚਿਤ੍ਰਨ ਧਾਰਾ ਆਪਣੀਆਂ ਸੰਭਾਵਨਾਵਾਂ ਪੂਰੀਆਂ ਕਰ ਚੁੱਕੀ ਸੀ। ਉਸ ਤੋਂ ਬਾਅਦ ਸ਼ੁਰੂ ਹੋਈ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਬਾਵਾ ਬਲਵੰਤ, ਈਸ਼ਵਰ ਚਿੱਤਰਕਾਰ ਆਦਿ ਦੀ ਰੋਮਾਂਸਵਾਦੀ, ਪ੍ਰਗਤੀਵਾਦੀ ਧਾਰਾ ਵੀ ਇਕ ਤਰ੍ਹਾਂ ਨਾਲ ਥੱਕ ਹਾਰ ਚੁੱਕੀ ਸੀ ਕਿਉਂਕਿ ਇਸ ਧਾਰਾ ਦੇ ਮੁੱਖ ਨਿਸ਼ਾਨੇ ਸਾਮਰਾਜਵਾਦ ਦਾ ਵਿਰੋਧ, ਗਰੀਬ ਮਜ਼ਦੂਰ ਕਿਸਾਨ ਦੇ ਹੱਕ ਦੀ ਗੱਲ, ਅਮਨ ਦੇ ਹੱਕ ਦੀ ਗੱਲ ਅਤੇ ਜਾਗੀਰਦਾਰੀ, ਪੂੰਜੀਵਾਦੀ ਪ੍ਰਬੰਧ ਦੇ ਨਿਖੇਧ ਦੀ ਗੱਲ ਦੁਹਰਾਓ ਵਿਚ ਪੈ ਗਈ ਸੀ। ਦੇਸ਼ ਦੀ ਆਜ਼ਾਦੀ ਦੇ ਨਾਲ ਸਾਮਰਾਜਵਾਦ ਦਾ ਵਿਰੋਧ ਮੱਠਾ ਪੈ ਗਿਆ ਸੀ। ਸੰਸਾਰ ਅਮਨ ਦੀ ਗੱਲ ਦੋ ਸੰਸਾਰ ਜੰਗਾਂ ਤੋਂ ਬਾਅਦ ਇਕ ਵਾਰ ਖਤਮ ਹੋ ਗਈ ਸੀ। ਇਸੇ ਪ੍ਰਕਾਰ ਰੋਮਾਂਸਵਾਦੀ ਵਿਚਾਰ ਵੀ ਆਪਣੀਆਂ ਸੰਭਾਵਨਾਵਾਂ ਨੂੰ ਖਤਮ ਕਰ ਚੁੱਕੇ ਸਨ। ਇਸ ਸਥਿਤੀ ਵਿਚ ਪ੍ਰਯੋਗਸ਼ੀਲ ਲਹਿਰ ਉੱਭਰ ਰਹੀ ਸੀ ਜਿਸ ਦੇ ਮੁੱਖ ਕਵੀ ਜਸਵੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਸੁਖਪਾਲਵੀਰ ਸਿੰਘ ਹਸਰਤ ਅਤੇ ਅਜਾਇਬ ਕਮਲ ਵਰਗੇ ਕਵੀ ਆਪਣੀ ਪੂਰਵਲੀ ਪ੍ਰਗਤੀਵਾਦੀ-ਰੋਮਾਂਸਵਾਦੀ ਧਾਰਾ ਨੂੰ ਰੱਦ ਕਰਕੇ ਆਧੁਨਿਕ ਨਵੇਂ ਸ਼ਹਿਰੀ ਜੀਵਨ ਦੀ ਕਵਿਤਾ ਕਹਿਣ ਦੀ ਕੋਸ਼ਿਸ਼ ਕਰ ਰਹੇ ਸਨ। ਇਸੇ ਸਮੇਂ ਸਮਾਂਨਾਂਤਰ ਧਾਰਾ ਵਜੋਂ ਚੱਲ ਰਹੀ ਕਿੱਸਾ-ਕਾਵਿ, ਚਿੱਠਾ-ਕਾਵਿ, ਕਵੀਸ਼ਰੀ, ਲੋਕ-ਪ੍ਰਚੱਲਤ ਗੀਤਕਾਰੀ ਅਤੇ ਸਟੇਜੀ ਕਾਵਿ ਦੀ ਪਰੰਪਰਾ ਚੱਲ ਤਾਂ ਰਹੀ ਸੀ ਪਰ ਇਹ ਸਮਕਾਲੀ ਅਕਾਦਮਿਕ ਹਲਕਿਆਂ ਵਿਚ ਪਰਵਾਨਤ ਸਾਹਿਤਕ ਧਾਰਾ ਤੋਂ ਦੂਰ ਜਾ ਰਹੀ ਸੀ।

ਇਕ ਤਰ੍ਹਾਂ ਨਾਲ ਆਧੁਨਿਕ ਪੰਜਾਬੀ ਕਵਿਤਾ ਆਪਣੇ ਵਿਚਾਰਾਂ ਲਈ ਵਿਦੇਸ਼ਾਂ ਵਿਚ ਉਪਜੇ ਮਾਰਕਸਵਾਦ, ਅਸਤਿੱਤਵਵਾਦ ਵਰਗੇ ਦਰਸ਼ਨਾਂ ਦੀ ਓਟ ਲੈਂਦੀ ਸੀ। ਦੂਸਰੇ ਪਾਸੇ ਇਹ ਪੰਜਾਬੀ ਦੇ ਸਮਕਾਲੀ ਪੇਂਡੂ ਦ੍ਰਿਸ਼ ਦੀ ਥਾਵੇਂ ਸ਼ਹਿਰੀ ਆਧੁਨਿਕ ਜੀਵਨ ਨੂੰ ਪਕੜਨ ਦੀ ਕੋਸ਼ਿਸ਼ ਵਿਚ ਸੀ। ਕਾਵਿ ਰੂਪ ਦੀ ਪੱਧਰ ਤੇ ਇਸ ਆਧੁਨਿਕ ਕਵਿਤਾ ਨੇ ਛੰਦਬੱਧ ਪ੍ਰਗੀਤਕ ਕਵਿਤਾ ਦੀ ਥਾਂ ਖੁੱਲ੍ਹੀ ਕਵਿਤਾ ਨੂੰ ਉਚਿਆਇਆ ਅਤੇ ਪਰਵਾਨਿਆ ਸੀ। ਇਸ ਕਿਸਮ ਦੇ ਕਾਵਿ ਦ੍ਰਿਸ਼ ਵਿਚ ਸ਼ਿਵ ਕੁਮਾਰ ਦਾ ਉਦੈ ਹੁੰਦਾ ਹੈ ਜੋ ਸ਼ਹਿਰ ਦੀ ਬਜਾਇ ਪਿੰਡ ਨੂੰ ਅਤੇ ਉਚੇਰੀ ਕਿਤਾਬੀ ਬੌਧਿਕਤਾ ਦੀ ਥਾਵੇਂ ਜਜ਼ਬਿਆਂ ਨੂੰ ਅਹਿਮ ਸਥਾਨ ਦਿੰਦਾ, ਪੰਜਾਬੀ ਦੇ ਮੌਲਿਕ ਕਾਵਿ ਰੂਪ ਗੀਤ ਜਾਂ ਗੀਤਨੁਮਾ ਕਵਿਤਾਵਾਂ ਰਾਹੀਂ ਇਕ ਦਮ ਸਭ ਦਾ ਧਿਆਨ ਖਿੱਚਦਾ ਹੈ। ਸ਼ਿਵ ਕੁਮਾਰ ਦੀ ਕਵਿਤਾ ਵਿਚ ਕਾਵਿ ਦਾ ਸਦੀਆਂ ਪੁਰਾਣਾ ਵਿਸ਼ਾ ਪਿਆਰ ਅਤੇ ਪਿਆਰ ਵਿਚ ਵਿਯੋਗ ਕਾਰਨ ਪੈਦਾ ਹੋਇਆ ਬਿਰਹੋਂ ਹੀ ਬਣਦਾ ਹੈ ਪਰੰਤੂ ਉਹ ਬਿਰਹੋਂ ਨੂੰ ਉਸ ਪੜਾਅ ਉਪਰ ਪਹੁੰਚਾ ਦਿੰਦਾ ਹੈ ਜਿੱਥੇ ਬਿਰਹਾ ਸੁਲਤਾਨ ਬਣ ਜਾਂਦਾ ਹੈ। ਕਾਵਿ ਧਾਰਾ ਦੇ ਪੱਖ ਤੋਂ ਰੋਮਾਂਸਵਾਦ ਨੂੰ ਉਸ ਨੇ ਧੁਰਾ ਬਣਾਇਆ। ਸ਼ਿਵ ਕੁਮਾਰ ਆਪਣੇ ਜਿਉਂਦੇ ਜੀਅ ਇਕ ਮਿੱਥ ਬਣ ਗਿਆ ਅਤੇ ਉਹ ਆਪਣੇ ਸਮੇਂ ਦਾ ਸਭ ਤੋਂ ਲੋਕ ਪ੍ਰਿਯ ਕਵੀ ਵਜੋਂ ਵਿਚਰਿਆ। ਅੱਜ ਉਸ ਦੇ ਦੇਹਾਂਤ ਤੋਂ ਲੱਗਭਗ ਪੰਜ ਦਹਾਕੇ ਬਾਅਦ ਵੀ ਉਸ ਦੀ ਕਵਿਤਾ ਦੇ ਪਾਠਕ ਮੌਜੂਦ ਹਨ। ਸਾਹਿਤ ਆਲੋਚਨਾ ਦੀ ਦ੍ਰਿਸ਼ਟੀ ਤੋਂ ਇਹ ਦੇਖਣਾ ਦਿਲਚਸਪ ਹੈ ਕਿ ਆਖਿਰ ਸ਼ਿਵ ਕੁਮਾਰ ਦੀ ਵਿਸ਼ੇਸ਼ਤਾ ਕੀ ਸੀ ? ਉਸ ਦਾ ਵਿਸ਼ੇਸ਼ ਯੋਗਦਾਨ ਕੀ ਸੀ ਅਤੇ ਉਸ ਦਾ ਪੰਜਾਬੀ ਕਵਿਤਾ ਵਿਚ ਕੀ ਸਥਾਨ ਬਣਦਾ ਹੈ।

ਪਿਆਰ ਕਵਿਤਾ ਦਾ ਸਦੀਵੀ ਵਿਸ਼ਾ ਹੈ। ਇਕ ਤਰ੍ਹਾਂ ਨਾਲ ਔਰਤ ਮਰਦ ਦੇ ਦੁਨਿਆਵੀ ਪਿਆਰ ਨੂੰ ਅਧਿਆਤਮਵਾਦ ਨੇ ਪਰਮਾਤਮਾ ਦੇ ਰਾਹ ਵਿਚ ਅੜਿੱਕਾ ਜਾਣ ਕੇ ਬਹੁਤੀ ਤਵੱਜੋਂ ਨਹੀਂ ਦਿੱਤੀ ਅਤੇ ਦੂਸਰੇ ਪਾਸੇ ਪ੍ਰਗਤੀਵਾਦ ਨੇ ਇਸ ਨੂੰ ਕ੍ਰਾਂਤੀ ਦੇ ਰਾਹ ਦਾ ਰੋੜਾ ਸਮਝਿਆ। ਸਿੱਟੇ ਵਜੋਂ ਇਹ ਭਾਵਨਾ ਜਾਂ ਤਾਂ ਦੱਬੀ ਗਈ ਸੀ ਅਤੇ ਜਾਂ ਫਿਰ ਇਹ ਰੂਪ ਵਟਾ ਕੇ ਸਾਹਮਣੇ ਆਈ ਸੀ। ਪ੍ਰਯੋਗਸ਼ੀਲ ਲਹਿਰ ਨੇ ਇਸ ਨੂੰ ਨਾ ਕੇਵਲ ਵਿਹਾਰਕ ਅਤੇ ਦੁਨਿਆਵੀ ਹੀ ਬਣਾ ਦਿੱਤਾ ਸਗੋਂ ਉਸ ਨੇ ਇਸ ਦੇ ਉਚੇਰੇ ਪਾਕ ਜਜ਼ਬੇ ਨੂੰ ਸਰੀਰਕ ਬਣਾ ਦਿੱਤਾ। ਅਜਿਹੇ ਸਮੇਂ ਸ਼ਿਵ ਕੁਮਾਰ ਨੇ ਦੁਨਿਆਵੀ ਪਿਆਰ ਦੇ ਸਿੱਧੇ ਸਾਦੇ ਪਰ ਕੋਮਲ ਭਾਵਾਂ ਨੂੰ ਸੁਹਜਮਈ ਢੰਗ ਨਾਲ ਪ੍ਰਗਟਾਉਣਾ ਸ਼ੁਰੂ ਕੀਤਾ। ਭਾਰਤੀ ਸਮਾਜ ਖ਼ਾਸ ਕਰਕੇ ਪੰਜਾਬ ਅੰਦਰ ਭਾਵੇਂ ਨਵੀਂ ਚੇਤਨਾ ਫੈਲ ਰਹੀ ਸੀ ਪਰ ਇਸ ਦੇ ਬਾਵਜੂਦ ਪਿਆਰ ਵਿਆਹ ਸੰਭਵ ਨਹੀਂ ਸਨ ਜਾਂ ਘੱਟੋ ਘੱਟ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਕ ਪਾਸੇ ਤਾਂ ਨੌਜੁਆਨਾਂ ਵਿਚ ਵਿਅਕਤੀਗਤ ਸੁਤੰਤਰਤਾ ਦੀ ਭਾਵਨਾ ਵਿਕਸਤ ਹੋਈ ਅਤੇ ਦੂਸਰੇ ਪਾਸੇ ਸਿੱਖਿਆ ਦੇ ਪਸਾਰ ਨਾਲ ਘਰ ਅਤੇ ਪਿੰਡਾਂ ਤੋਂ ਬਾਹਰ ਮੁੰਡੇ ਕੁੜੀਆਂ ਦਾ ਸਮਾਜਿਕ ਮੇਲ-ਜੋਲ ਸੰਭਵ ਹੋਇਆ। ਸਰਕਾਰੀ ਦਫਤਰਾਂ ਦੇ ਫੈਲਾਓ ਅਤੇ ਸਨਅਤੀਕਰਨ ਨਾਲ ਇਹ ਮੇਲਜੋਲ ਵਧਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਪਰੰਤੂ ਪੰਜਾਬੀ ਸਮਾਜ ਮੱਧਕਾਲੀ ਜਾਗੀਰਦਾਰੀ ਜਕੜ ਵਿਚ ਸੀ। ਸਿੱਟੇ ਵਜੋਂ ਇਹ ਭਾਵਨਾਵਾਂ ਕਦੇ ਵੀ ਜੱਗ ਜਾਹਿਰ ਨਹੀਂ ਕੀਤੀਆਂ ਜਾਂਦੀਆਂ ਸਨ ਅਤੇ ਇਹ ਵਿਆਹ ਵਿਚ ਬਹੁਤ ਘੱਟ ਵਟਦੀਆਂ ਸਨ ਪਰੰਤੂ ਹੁਣ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪਿਆਰ ਕਬਜਾ ਨਹੀਂ

ਪਹਿਚਾਣ ਹੈ, ਦੇ ਹਵਾਈ ਪਿਆਰ ਤੋਂ ਸਮਾਜ ਅੱਗੇ ਲੰਘ ਚੁੱਕਾ ਸੀ । ਅਜਿਹੇ ਸਮੇਂ ਪਿਆਰ ਭਾਵੇਂ ਵਿਆਹ ਵਿਚ ਨਹੀਂ ਵਟਦਾ ਸੀ ਪਰ ਇਸ ਦੀ ਤਾਂਘ ਅਵੱਸ਼ ਰਹਿੰਦੀ ਸੀ । ਸ਼ਿਵ ਕੁਮਾਰ ਦਾ ਕਾਵਿ ਅਸਲ ਵਿਚ ਤਾਂ ਇਸੇ ਤਾਂਘ ਦਾ ਹੀ ਪ੍ਰਗਟਾਵਾ ਸੀ । ਪੰਜਾਬੀ ਕਵਿਤਾ ਵਿਚ ਦੁਨਿਆਵੀ ਪਿਆਰ ਦਾ ਪ੍ਰਗਟਾਵਾ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਬਾਵਾ ਬਲਵੰਤ ਕਾਵਿ ਵਿਚ ਵੀ ਮਿਲਦਾ ਹੈ ਪਰੰਤੂ ਉਹ ਆਪਣੇ ਸਮੇਂ ਦੀਆਂ ਸੀਮਾਵਾਂ ਕਾਰਨ ਇਸ ਦਾ ਸਿੱਧਾ ਪ੍ਰਗਟਾਵਾ ਕਰਨ ਦੀ ਥਾਂ ਜਾਂ ਤਾਂ ਉਚੇਰੇ ਬੌਧਿਕ ਮੰਡਲਾਂ ਵਿਚ ਲੈ ਜਾਂਦੇ ਸਨ ਅਤੇ ਜਾਂ ਫਿਰ ਉਹ ਸਮਾਜਿਕ ਸਥਿਤੀਆਂ ਦੇ ਸਿਰ ਦੋਸ਼ ਮੜ੍ਹ ਕੇ ਸੁਰਖ਼ਰੂ ਹੋ ਜਾਂਦੇ ਸਨ । ਸ਼ਿਵ ਕੁਮਾਰ ਨੇ ਬਿਨਾ ਕਿਸੇ ਲੁਕ-ਲਪੇਟ ਦੇ ਔਰਤ ਮਰਦ ਦੇ ਦੁਨਿਆਵੀ ਪਿਆਰ ਦੇ ਵਿਯੋਗ ਵਿਚੋਂ ਉਪਜੇ ਅੱਲ੍ਹੜ ਭਾਵਾਂ ਨੂੰ ਸਿੱਧੀ ਸਾਦੀ ਭਾਸ਼ਾ ਵਿਚ ਗਾਇਆ । ਮੁੱਖ ਰੂਪ ਵਿਚ ਇਹੀ ਉਸ ਦੀ ਮੁਢਲੀ ਮਕਬੂਲੀਅਤ ਦਾ ਅਧਾਰ ਬਣਿਆ ।

ਜਿਵੇਂ ਪਹਿਲਾਂ ਵੀ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਕਈ ਵਾਰ ਸ਼ਿਵ ਨੂੰ ਕੇਵਲ ਬਿਰਹਾ ਦਾ ਕਵੀ ਆਖ ਕੇ ਹੀ ਵਡਿਆਇਆ ਜਾਂਦਾ ਹੈ । ਅਸਲ ਵਿਚ ਸ਼ਿਵ ਕੁਮਾਰ ਨੇ ਪੰਜਾਬੀ ਕਵਿਤਾ ਵਿਚ ਨਾਰੀ ਦ੍ਰਿਸ਼ਟੀ ਤੋਂ ਵਿਚਾਰਧਾਰਕ ਵੱਧ ਮਾਰਿਆ । ਔਰਤ ਨੂੰ ਆਮ ਕਰਕੇ ਜਾਂ ਤਾਂ ਦੇਵੀ ਰੂਪ ਵਿਚ ਪੇਸ਼ ਕਰਕੇ ਉਸ ਦੇ ਮਮਤਾਮਈ ਪੱਖ ਨੂੰ ਵਧੇਰੇ ਉਭਾਰ ਕੇ ਪੇਸ਼ ਕਰ ਦਿੱਤਾ ਜਾਂਦਾ ਸੀ ਜਾਂ ਫਿਰ ਉਸ ਦੇ ਕਾਮਨਾ ਪੱਖ ਨੂੰ ਨਾਂਹਵਾਚਕ ਅਰਥਾਂ ਵਿਚ ਪੇਸ਼ ਕਰਦਿਆਂ ਵਿਭਚਾਰਨ ਬਣਾ ਦਿੱਤਾ ਜਾਂਦਾ ਸੀ ਅਤੇ ਜੇ ਕਦੇ ਉਸ ਨੂੰ ਔਰਤ ਵਜੋਂ ਵੀ ਚਿਤਰਿਆ ਜਾਂਦਾ ਸੀ ਤਾਂ ਉਹ ਮਜ਼ਲੂਮ ਜਾਂ ਅਬਲਾ ਰੂਪ ਵਿਚ ਹੀ ਪੇਸ਼ ਹੁੰਦੀ ਸੀ । ਸ਼ਿਵ ਕੁਮਾਰ ਨੇ ਔਰਤ ਦੀ ਕਾਮਨਾ ਨੂੰ ਮਰਦ ਦੀ ਕਾਮਨਾ ਵਾਂਗ ਹੀ ਬਰਾਬਰਤਾ ਅਤੇ ਜਾਇਜ਼ਤਾ ਪ੍ਰਦਾਨ ਕੀਤੀ ਹੈ । ਇਸ ਦੇ ਨਾਲ ਹੀ ਉਸ ਨੇ ਔਰਤ ਦੀ ਇੱਛਾ ਨੂੰ ਸਮਾਜਿਕ ਤੌਰ ਤੇ ਪ੍ਰਵਾਨ ਕਰਾਉਣ ਦੀ ਚੇਸ਼ਟਾ ਕੀਤੀ ਹੈ । ਇਸ ਪ੍ਰਸੰਗ ਵਿਚ ਭਾਵੇਂ ਸ਼ੀਸ਼ੋ, ਨੂਰਾਂ ਆਦਿ ਕਈ ਕਵਿਤਾਵਾਂ ਵਾਚੀਆਂ ਜਾ ਸਕਦੀਆਂ ਹਨ ਪਰੰਤੂ ਲੂਣਾ ਉਸ ਦੀ ਸ਼ਾਹਕਾਰ ਰਚਨਾ ਹੈ ਜਿਸ ਵਿਚ ਉਸ ਨੇ ਸਦੀਆਂ ਤੋਂ ਚਲੀ ਆ ਰਹੀ ਮਿੱਥ ਨੂੰ ਔਰਤ ਦੇ ਹੱਕ ਵਿਚ ਉਲਟਾ ਦਿੱਤਾ ਹੈ । ਲੋਕਧਾਰਾ ਵਿਚ ਪ੍ਰਚੱਲਤ ਕਿਸੇ ਮਿਥਕ ਕਥਾ ਨੂੰ ਅਰਥ ਵਿਸਤਾਰ ਤਾਂ ਕੀਤਾ ਜਾ ਸਕਦਾ ਹੈ ਪਰ ਉਸ ਨੂੰ ਉਲਟਾਉਣਾ ਬਹੁਤ ਮੁਸ਼ਕਲ ਹੁੰਦਾ ਹੈ । ਸ਼ਿਵ ਕੁਮਾਰ ਨੇ ਵਿਭਚਾਰਨ ਲੂਣਾਂ ਨੂੰ ਮਜ਼ਲੂਮ ਲੂਣਾ ਵਿਚ ਬਦਲ ਕੇ ਨਾ ਕੇਵਲ ਸਲਵਾਨ ਨੂੰ ਹੀ ਕਟਹਿਰੇ ਵਿਚ ਖੜ੍ਹਾ ਕੀਤਾ ਹੈ ਸਗੋਂ ਸਮੁੱਚੇ ਮਰਦਾਵੇਂ ਪ੍ਰਬੰਧ ਨੂੰ ਕਾਟੇ ਹੇਠ ਲਿਆਂਦਾ ਹੈ । ਸ਼ਿਵ ਕੁਮਾਰ ਦੀ ਇਕ ਹੋਰ ਪੱਖ ਤੋਂ ਵੀ ਵਡਿਆਈ ਕਰਨੀ ਬਣਦੀ ਹੈ ਕਿ ਉਸ ਨੇ ਆਪਣੀ ਕਵਿਤਾ ਵਿਚ ਮਨੋਵਿਗਿਆਨਕ ਛੁਹਾਂ ਦਿੱਤੀਆਂ ਹਨ । ਸਭ ਤੋਂ ਖੂਬਸੂਰਤ ਗੱਲ ਇਹ ਹੈ ਕਿ ਮਨੋਵਿਗਿਆਨਕ ਸਿਧਾਂਤਾਂ ਤੋਂ ਕਵਿਤਾ ਵੱਲ ਜਾਣ ਦੀ ਥਾਂ ਪਾਤਰਾਂ ਨੂੰ ਮਨੋਵਿਗਿਆਨਕ ਸਮਝ ਨਾਲ ਚਿਤਰਿਆ ਹੈ ਅਤੇ ਇਹ ਸਮਝ ਪੁਸਤਕਾਂ ਦੀ ਥਾਵੇਂ ਸਿੱਧੀ ਜੀਵਨ ਵਿਚੋਂ ਪ੍ਰਾਪਤ ਕੀਤੀ ਜਾਪਦੀ ਹੈ ।

ਸ਼ਿਵ ਕੁਮਾਰ ਨੇ ਅਸਤਿੱਤਵਵਾਦੀ ਦਰਸ਼ਨ ਨੂੰ ਵੀ ਪੁਸਤਕਾਂ ਵਿਚੋਂ ਗ੍ਰਹਿਣ ਕਰਨ ਦੀ ਥਾਵੇਂ ਇਸ ਨੂੰ ਵੀ ਆਪਣੇ ਜੀਵਨ ਅਨੁਭਵਾਂ ਵਿਸ਼ੇਸ਼ ਕਰ ਮੌਤ, ਦੁੱਖ ਅਤੇ ਵਿਯੋਗ ਦੇ ਅਰਥਾਂ ਵਿਚ ਵਿਸ਼ੇਸ਼ ਰੂਪ ਵਿਚ ਗ੍ਰਹਿਣ ਕੀਤਾ ਹੈ । ਆਪਣੇ ਸਮਕਾਲੀ ਪ੍ਰਯੋਗਵਾਦੀਆਂ ਵਾਂਗ ਉਸ ਨੇ ਨਾ ਤਾਂ ਨਵੇਂ ਪ੍ਰਯੋਗ ਕਰਨ ਖਾਤਰ ਕਵਿਤਾ ਰਚੀ ਅਤੇ ਨਾ ਹੀ ਪਰੰਪਰਿਕ ਪ੍ਰਗਤੀਵਾਦੀਆਂ ਵਾਂਗ ਸਿਧਾਂਤ ਨੂੰ ਸਿੱਧ ਕਰਨ ਹਿਤ ਕਾਵਿ ਰਚਿਆ । ਸਗੋਂ ਉਸ ਨੇ ਜੀਵਨ ਵਿਚ ਪ੍ਰਾਪਤ ਅਨੁਭਵ ਨੂੰ ਆਪਣੀ ਕਾਵਿ ਸਿਰਜਣਾ ਦਾ ਆਧਾਰ ਬਣਾਇਆ ਹੈ ।

ਸ਼ਿਵ ਕੁਮਾਰ ਦੀ ਇਕ ਹੋਰ ਖਾਸੀਅਤ ਉਸ ਦੀ ਪੇਂਡੂ ਜੀਵਨ ਦੀ ਤਸਵੀਰਕਸ਼ੀ ਹੈ । ਮੱਧਕਾਲ ਵਿਚ ਵਾਰਿਸਸ਼ਾਹ ਨੇ ਪੰਜਾਬ ਦੀ ਪ੍ਰਕਿਰਤੀ ਅਤੇ ਸਮਾਜਿਕ ਜੀਵਨ ਨੂੰ ਖੁੱਲ੍ਹ ਕੇ ਚਿਤਰਿਆ । ਆਧੁਨਿਕ ਪੰਜਾਬੀ ਕਵਿਤਾ ਵਿਚ ਪ੍ਰੋ.ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਨੇ ਪੰਜਾਬੀ ਸਭਿਆਚਾਰ ਨੂੰ ਪੇਸ਼ ਕੀਤਾ ਪਰ ਉਸ ਤੋਂ ਬਾਅਦ ਪੰਜਾਬ ਦੇ ਪੇਂਡੂ ਦ੍ਰਿਸ਼ ਚਿਤਰਣ ਵੱਲ ਕਵੀਆਂ ਦੀ ਰੁਚੀ ਘਟਦੀ ਗਈ । ਇਕ ਤਰ੍ਹਾਂ ਨਾਲ ਪ੍ਰਯੋਗਸ਼ੀਲ ਲਹਿਰ ਨੇ ਤਾਂ ਬਦਲੇ ਯਥਾਰਥ ਦੀ ਧਾਰਨਾ ਅਧੀਨ ਪੇਂਡੂ ਦ੍ਰਿਸ਼ ਚਿਤਰਨ ਅਤੇ ਪਰੰਪਰਿਕ ਬਿੰਬਾਬਲੀ ਨੂੰ ਸੋਚ ਸਮਝ ਕੇ ਤਿਲਾਂਜਲੀ ਦੇ ਦਿੱਤੀ ਸੀ । ਅਜਿਹੇ ਸਮੇਂ ਸ਼ਿਵ ਕੁਮਾਰ ਨੇ ਨਾ ਕੇਵਲ ਪੇਂਡੂ ਜੀਵਨ ਦਾ ਭਰਪੂਰ ਚਿਤਰਣ ਕੀਤਾ ਸਗੋਂ ਉਸ ਨੇ ਉਨ੍ਹਾਂ ਅਛੂਹ ਬਿੰਬਾਂ ਨੂੰ ਕਵਿਤਾ ਵਿਚ ਸਾਕਾਰ ਕੀਤਾ ਜਿਹੜੇ ਭਾਵੇਂ ਖੇਤੀਬਾੜੀ ਦਾ ਅੰਗ ਤਾਂ ਸਨ ਪਰ ਅਜੇ ਤਕ ਕਿਸੇ ਨੇ ਕਵਿਤਾ ਵਿਚ ਨਹੀਂ ਢਾਲੇ ਸਨ । ਸ਼ਿਵ ਕੁਮਾਰ ਕੋਲ ਅਜਿਹੇ ਬਿੰਬਾਂ ਦਾ ਭੰਡਾਰ ਹੀ ਨਹੀਂ ਸੀ ਸਗੋਂ ਅਜਿਹੇ ਬਿੰਬਾਂ ਨੂੰ ਸਾਕਾਰ ਕਰਨ ਲਈ ਢੁਕਵੀਂ ਭਾਸ਼ਾ ਵੀ ਸੀ । ਸ਼ਿਵ ਕੁਮਾਰ ਦੀਆਂ ਕਵਿਤਾਵਾਂ ਵਿਚ ਪੰਜਾਬੀ ਗਹਿਣੇ, ਬਸਤਰ, ਬਰਤਨ, ਰੋਹੀਆਂ, ਫਿਰਨੀਆਂ, ਟਾਹਲੀਆਂ, ਬੇਰੀਆਂ ਸਭ ਕੁਝ ਭਰਪੂਰ ਮਾਤਰਾ ਵਿਚ ਮਿਲਦਾ ਹੈ । ਪੰਜਾਬ ਦਾ ਤੇਜੀ ਨਾਲ ਸ਼ਹਿਰੀਕਰਨ ਹੋ ਰਿਹਾ ਸੀ । ਇਸ ਦੇ ਨਾਲ ਹੀ ਪੇਂਡੂ ਜੀਵਨ ਅਤੇ ਭਾਸ਼ਾ ਪ੍ਰਤੀ ਇਕ ਰੋਮਾਂਚਕ ਉਦਰੇਵਾਂ ਜਾਂ ਹੇਰਵਾ ਵੀ ਉਤਪੰਨ ਹੋ ਰਿਹਾ ਸੀ । ਸ਼ਿਵ ਕੁਮਾਰ ਨੇ ਇਸ ਹੇਰਵੇ ਨੂੰ ਵੀ ਜ਼ੁਬਾਨ ਦਿੱਤੀ ਹੈ ।

ਸ਼ਿਵ ਕੁਮਾਰ ਦੀ ਵਿਆਪਕ ਪਰਵਾਨਗੀ ਦਾ ਇਕ ਕਾਰਨ ਉਸ ਵੱਲੋਂ ਚੁਣਿਆ ਕਾਵਿ ਰੂਪ ਵੀ ਸੀ । ਪੰਜਾਬੀ ਦੇ ਬੌਧਿਕ ਅਕਾਦਮਿਕ, ਸਾਹਿਤਕ ਹਲਕਿਆਂ ਵਿਚ ਗੀਤ ਨੂੰ ਬਹੁਤੀ ਪਰਵਾਨਗੀ ਹਾਸਿਲ ਨਹੀਂ ਸੀ । ਆਮ ਕਰਕੇ ਪ੍ਰਗੀਤ ਨੂੰ ਆਮ ਭਾਵਾਂ ਨਾਲ ਜੋੜ ਕੇ ਵੇਖਿਆ ਜਾਂਦਾ ਸੀ । ਅਜਿਹੇ ਸਮੇਂ ਸ਼ਿਵ ਕੁਮਾਰ ਦਾ ਗੀਤ ਨੂੰ ਅਧਾਰ ਬਣਾਉਣਾ ਅਤੇ ਖੁਦ ਸਟੇਜ ਤੇ ਗਾਉਣਾ ਵੀ ਮਹੱਤਵਪੂਰਨ ਸੀ । ਉਸ ਦੇ ਸਮਕਾਲੀ ਦਸਦੇ ਹਨ ਕਿ ਜਿਸ ਸਮੇਂ ਉਹ ਸਟੇਜ ਉਪਰ ਅੱਖਾਂ ਬੰਦ ਕਰਕੇ, ਕੰਨ ਤੇ ਹੱਥ ਧਰ ਆਪਣੀ ਸੋਜਮਈ ਆਵਾਜ਼ ਵਿਚ ਗਾਉਂਦਾ ਤਾਂ ਸਰੋਤੇ ਮੰਤਰ-ਮੁਗਧ ਹੋ ਜਾਂਦੇ ਸਨ । ਇਕ ਤਰ੍ਹਾਂ ਨਾਲ ਸ਼ਿਵ ਕੁਮਾਰ ਨੇ ਗੀਤ ਨੂੰ ਮੁੜ ਸਾਹਿਤਕ ਰੰਗਤ ਦਿੱਤੀ । ਨਿਸ਼ਚੇ ਹੀ ਸ਼ਿਵ ਕੁਮਾਰ ਦਾ ਆਧੁਨਿਕ ਪੰਜਾਬੀ ਕਵਿਤਾ ਵਿਚ ਅਹਿਮ ਸਥਾਨ ਸੀ ।

**ਪ੍ਰੀਖਿਆ ਵਿਚ ਪੁੱਛੇ ਜਾਣ ਵਾਲੇ ਨਮੂਨੇ ਦੇ ਲੰਮੇ ਉਤਰਾਂ ਵਾਲੇ ਪ੍ਰਸ਼ਨ -**

ਪ੍ਰਸ਼ਨ -1. ਸ਼ਿਵ ਕੁਮਾਰ ਦੀ ਪੁਸਤਕ ਬਿਰਹਾ ਤੂ ਸੁਲਤਾਨ ਨੂੰ ਅਧਾਰ ਬਣਾ ਕੇ ਸ਼ਿਵ ਕੁਮਾਰ ਦੀ ਕਾਵਿ ਕਲਾ ਤੇ ਵਿਚਾਰ ਕਰੋ ।

ਪ੍ਰਸ਼ਨ -2. ਸ਼ਿਵ ਕੁਮਾਰ ਦੀ ਬਿਰਹਾ ਤੂ ਸੁਲਤਾਨ ਪੁਸਤਕ ਨੂੰ ਅਧਾਰ ਬਣਾ ਕੇ ਸ਼ਿਵ ਕੁਮਾਰ ਦੀ ਭਾਸ਼ਾ ਤੇ ਨੋਟ ਲਿਖੋ ।

ਪ੍ਰਸ਼ਨ-3 ਬਿਰਹਾ ਤੂ ਸੁਲਤਾਨ ਦੇ ਮੁੱਖ ਵਿਸ਼ਿਆਂ ਤੇ ਵਿਚਾਰ ਕਰੋ ।

ਪ੍ਰਸ਼ਨ -4 ਸ਼ਿਵ ਕੁਮਾਰ ਦੀ ਪ੍ਰਗੀਤਾਤਮਿਕਤਾ ਤੇ ਨੋਟ ਲਿਖੋ ।

ਪ੍ਰਸ਼ਨ -5. ਬਿਰਹਾ ਤੂ ਸੁਲਤਾਨ ਨੂੰ ਅਧਾਰ ਬਣਾ ਕੇ ਸ਼ਿਵ ਕਾਵਿ ਦੀ ਵਿਚਾਰਧਾਰਕ ਪੁਣਛਾਣ ਕਰੋ ।

ਪ੍ਰਸ਼ਨ -6. ਸ਼ਿਵ ਕੁਮਾਰ ਨੂੰ ਬਿਰਹੋਂ ਦੇ ਕਵੀ ਵਜੋਂ ਵਿਚਾਰੋ ।

ਪ੍ਰਸ਼ਨ -7. ਆਧੁਨਿਕ ਪੰਜਾਬੀ ਕਵਿਤਾ ਵਿਚ ਸ਼ਿਵ ਕੁਮਾਰ ਦਾ ਸਥਾਨ ਨੀਯਤ ਕਰੋ ।

ਪ੍ਰਸ਼ਨ -8. ਆਧੁਨਿਕ ਪੰਜਾਬੀ ਕਵਿਤਾ ਨੂੰ ਸ਼ਿਵ ਕੁਮਾਰ ਦੀ ਦੇਣ ਤੇ ਨੋਟ ਲਿਖੋ ।

ਪ੍ਰਸ਼ਨ -9. ਸ਼ਿਵ ਕੁਮਾਰ ਦੀ ਪੁਸਤਕ ਬਿਰਹਾ ਤੂ ਸੁਲਤਾਨ ਦੇ ਬਿੰਬ ਵਿਧਾਨ ਤੇ ਵਿਚਾਰ ਕਰੋ ।

ਪ੍ਰਸ਼ਨ -10. ਸ਼ਿਵ ਕੁਮਾਰ ਦੀ ਪੁਸਤਕ ਬਿਰਹਾ ਤੂ ਸੁਲਤਾਨ ਦੇ ਅਧਾਰ ਤੇ ਪ੍ਰਤੀਕ ਪ੍ਰਬੰਧ ਤੇ ਨੋਟ ਲਿਖੋ ।

**ਛੋਟੇ ਪ੍ਰਸ਼ਨ** :

ਨਮੂਨੇ ਵਜੋਂ ਕੁਝ ਪ੍ਰਸ਼ਨਾਂ ਦੇ ਉਤਰ ਦਿੱਤੇ ਜਾ ਰਹੇ ਹਨ ।

1. ਸ਼ਿਵ ਕੁਮਾਰ ਬਟਾਲਵੀ ਦੀਆਂ ਪੁਸਤਕਾਂ ਦੇ ਨਾਂ ਲਿਖੋ

ਉਤਰ-ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦ ਮੰਦਾਂ ਦੀਆਂ ਆਹੀਂ, ਲੂਣਾਂ, ਮੈਂ ਤੇ ਮੈਂ ਅਤੇ ਆਰਤੀ

2. ਬਿਰਹਾ ਤੂ ਸੁਲਤਾਨ ਦੀ ਭੂਮਿਕਾ ਕਿਸ ਨੇ ਲਿਖੀ ਹੈ?

ਉਤਰ - ਬਿਰਹਾ ਤੂ ਸੁਲਤਾਨ ਦੀ ਲਾਹੌਰ ਬੁਕ ਸ਼ਾਪ ਤੋਂ ਛਪੀ ਪੁਸਤਕ ਦੀ ਭੂਮਿਕਾ ਪ੍ਰਸਿੱਧ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੇ ਲਿਖੀ ਹੈ

3. ਬਿਰਹਾ ਤੂ ਸੁਲਤਾਨ ਵਿਚ ਕੁੱਲ ਕਿੰਨੀਆਂ ਕਵਿਤਾਵਾਂ ਸ਼ਾਮਲ ਹਨ?

ਉਤਰ-ਬਿਰਹਾ ਤੂ ਸੁਲਤਾਨ ਵਿੱਚ ਕੁੱਲ 111 ਰਚਨਾਵਾਂ ਸ਼ਾਮਲ ਹਨ ,ਜਿਨ੍ਹਾਂ ਵਿਚੋਂ 11 ਗੀਤ ਅਤੇ 5 ਗ਼ਜ਼ਲਾਂ ਹਨ ।

4. ਬਿਰਹਾ ਤੂ ਸੁਲਤਾਨ ਵਿਚ ਸ਼ਾਮਲ ਗ਼ਜ਼ਲਾਂ ਵਿਚ ਕਿਸੇ ਇਕ ਗ਼ਜ਼ਲ ਦਾ ਮਤਲਾ ਦਿਓ ।

ਉਤਰ- ਜਾਚ ਮੈਨੂੰ ਆ ਗਈ ਗ਼ਮ ਖਾਣ ਦੀ
ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ

5. ਬਿਰਹਾ ਤੂ ਸੁਲਤਾਨ ਵਿਚ ਸ਼ਾਮਲ ਕਿਸੇ ਇਕ ਗੀਤ ਦਾ ਮੁਖੜਾ ਦੱਸੋ ।

ਉਤਰ -

ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ !
ਭੱਠੀ ਵਾਲੀਏ ਚੰਬੇ ਦੀਏ ਡਾਲੀਏ
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ !

ਬਾਕੀ ਪ੍ਰਸ਼ਨਾਂ ਦੇ ਉਤਰ ਵਿਦਿਆਰਥੀ ਪਾਠ-ਪੁਸਤਕ, ਸਹਾਇਕ ਸਮਗਰੀ ਅਤੇ ਸਹਾਇਕ ਪਾਠ-ਪੁਸਤਕਾਂ ਵਿਚੋਂ ਖੁਦ ਤਲਾਸ਼ਣ ।

6. ਬਿਰਹਾ ਤੂ ਸੁਲਤਾਨ ਵਿਚ ਕੁੱਲ ਕਿੰਨੀਆਂ ਗ਼ਜ਼ਲਾਂ ਹਨ?

7. ਬਿਰਹਾ ਤੂ ਸੁਲਤਾਨ ਵਿਚ ਕੁੱਲ ਕਿੰਨੇ ਗੀਤ ਦਰਜ ਹਨ?

8. ਨੂਰਾਂ ਕਬਰ ਉਤੇ ਦੀਵਾ ਕਿਉਂ ਬਾਲਦੀ ਹੈ?

9. ਸ਼ੀਸ਼ੋ ਦਾ ਅੰਤ ਕਿਹੋ ਜਿਹਾ ਹੋਇਆ?

10. ਸ਼ਿਵ ਕੁਮਾਰ ਨੇ ਲੂਣਾ ਦਾ ਚਰਿੱਤਰ ਕਿਹੋ ਜਿਹਾ ਚਿਤਰਿਆ ਹੈ?

11. ਸ਼ਿਕਰਾ ਕਿਸ ਚੀਜ਼ ਦਾ ਪ੍ਰਤੀਕ ਹੈ?
12. ਜਿੱਥੇ ਇਤਰਾਂ ਦੇ ਵਗਦੇ ਨੇ ਚੋ, ਗੀਤ ਕਿਸ ਕਲਾਕਾਰ ਨਾਲ ਜੋੜਿਆ ਜਾਂਦਾ ਹੈ?
13. ਬਿਰਹਾ ਤੂ ਸੁਲਤਾਨ ਵਿਚ ਕਿਹੜੀਆਂ ਕਿਹੜੀਆਂ ਪੁਸਤਕਾਂ ਵਿਚੋਂ ਰਚਨਾਵਾਂ ਚੁਣੀਆਂ ਗਈਆਂ ਹਨ?
14. ਸ਼ਿਵ ਕੁਮਾਰ ਦੀ ਕਵਿਤਾ ਵਿਚੋਂ ਕਿਸੇ ਇਕ ਬਿੰਬ ਦੀ ਉਦਾਹਰਨ ਦਿਓ ।
15. ਬਣਵਾਸੀ ਕਵਿਤਾ ਦਾ ਨਾਇਕ ਕਿਹੋ ਜਿਹਾ ਹੈ ?

ਪਾਠ ਨੰ : 1.6 ਬਲਦੇਵ ਸਿੰਘ ਧਾਲੀਵਾਲ

# ਸੁਰਜੀਤ ਪਾਤਰ : ਰਚਨਾ-ਦ੍ਰਿਸ਼ਟੀ ਅਤੇ ਕਾਵਿ-ਰਚਨਾ

**ਭੂਮਿਕਾ** : ਸੁਰਜੀਤ ਪਾਤਰ ਦਾ ਕਾਵਿ-ਸੰਗ੍ਰਹਿ 'ਸੁਰਜ਼ਮੀਨ' ਤੁਹਾਡੇ ਪਾਠ-ਕ੍ਰਮ ਲਈ ਨਿਰਧਾਰਤ ਪੁਸਤਕ ਹੈ। ਇਸ ਦੇ ਆਧਾਰ ਉੱਤੇ ਤੁਹਾਨੂੰ ਵਿਸਤ੍ਰਿਤ ਅਤੇ ਸੰਖੇਪ ਦੋਵੇਂ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾਣੇ ਹਨ। ਉਨ੍ਹਾਂ ਪ੍ਰਸ਼ਨਾਂ ਨੂੰ ਧਿਆਨ ਵਿਚ ਰਖਦਿਆਂ ਹੀ ਇਸ ਯੂਨਿਟ ਦੇ ਪੰਜ ਪਾਠ ਤਿਆਰ ਕੀਤੇ ਜਾ ਰਹੇ ਹਨ।

**ਮੰਤਵ** : ਇਸ ਪਹਿਲੇ ਪਾਠ ਦਾ ਮੰਤਵ ਤੁਹਾਨੂੰ ਕਵੀ ਸੁਰਜੀਤ ਪਾਤਰ ਦੇ ਜੀਵਨ ਦੀਆਂ ਕੁਝ ਉਨ੍ਹਾਂ ਘਟਨਾਵਾਂ ਬਾਰੇ ਦੱਸਣਾ ਹੈ ਜਿਨ੍ਹਾਂ ਨੇ ਉਸ ਦੀ ਕਾਵਿ-ਰਚਨਾ ਨੂੰ ਪ੍ਰਭਾਵਿਤ ਕੀਤਾ। ਇਸ ਨਾਲ ਕਵੀ ਦੇ ਜੀਵਨ-ਸਮਾਚਾਰਾਂ ਅਤੇ ਰਚਨਾ-ਪ੍ਰਕਿਰਿਆ ਨੂੰ ਅੰਤਰ-ਸੰਬੰਧਿਤ ਰੂਪ ਵਿੱਚ ਵਿਚਾਰਨ ਦਾ ਸਬੱਬ ਬਣ ਸਕੇਗਾ।

**ਰੂਪ ਰੇਖਾ** : ਹਥਲੇ ਪਾਠ ਦੀ ਰੂਪ-ਰੇਖਾ ਨਿਮਨਲਿਖਿਤ ਅਨੁਸਾਰ ਹੋਵੇਗੀ :

(1) ਸੁਰਜੀਤ ਪਾਤਰ : ਪ੍ਰਮੁੱਖ ਜੀਵਨੀਗਤ ਵੇਰਵੇ

(2) ਰਚਨਾ-ਵੇਰਵਾ

(3) ਰਚਨਾ-ਦ੍ਰਿਸ਼ਟੀ ਅਤੇ ਕਾਵਿ-ਰਚਨਾ

**ਮੂਲ ਪਾਠ** : ਕਿਸੇ ਵੀ ਲੇਖਕ ਦੇ ਜੀਵਨ-ਯਥਾਰਥ ਦਾ ਉਸਦੀ ਰਚਨਾ ਨਾਲ ਗਹਿਰਾ ਸੰਬੰਧ ਹੁੰਦਾ ਹੈ। ਭਾਵੇਂ ਲੇਖਕ ਦੀ ਰਚਨਾ ਉਸਦੇ ਜੀਵਨ ਸਮਾਚਾਰਾਂ ਨਾਲ ਮੂਲੋਂ ਹੀ ਸਿੱਧੇ ਢੰਗ ਦੁਆਰਾ ਕਾਰਨ-ਕਾਰਜ ਦੇ ਰਿਸ਼ਤੇ ਵਿੱਚ ਤਾਂ ਨਹੀਂ ਬੱਝੀ ਹੁੰਦੀ, ਸਗੋਂ ਇਹ ਸੰਬੰਧ ਬੜਾ ਜਟਿਲ ਕਿਸਮ ਦਾ ਹੁੰਦਾ ਹੈ, ਪਰੰਤੂ ਇਹ ਨਿਸ਼ਚਿਤ ਹੈ ਕਿ ਲੇਖਕ ਦਾ ਜੀਵਨ-ਅਨੁਭਵ ਹੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਉਸਦੀ ਰਚਨਾ ਲਈ ਬੁਨਿਆਦੀ ਸਮੱਗਰੀ ਦਾ ਕੰਮ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਕਵੀ ਸੁਰਜੀਤ ਪਾਤਰ ਦੇ ਵਿਅਕਤਿਤਵ ਨੂੰ ਸਮਝਣ ਲਈ ਉਸਦੇ ਜੀਵਨੀਗਤ ਵੇਰਵਿਆਂ ਉੱਤੇ ਝਾਤ ਪਾਉਣੀ ਜ਼ਰੂਰੀ ਜਾਪਦੀ ਹੈ।

1. **ਸੁਰਜੀਤ ਪਾਤਰ : ਪ੍ਰਮੁੱਖ ਜੀਵਨੀਗਤ ਵੇਰਵੇ** : ਸੁਰਜੀਤ ਪਾਤਰ ਦਾ ਜਨਮ ਸ: ਹਰਭਜਨ ਸਿੰਘ ਦੇ ਘਰ 14 ਫਰਵਰੀ, 1945 ਨੂੰ ਪਿੰਡ ਪੱਤੜ ਕਲਾਂ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਹ ਚਾਰ ਭੈਣਾਂ ਤੋਂ ਛੋਟਾ ਅਤੇ ਆਪਣੇ ਭਾਈ ਉਪਕਾਰ ਸਿੰਘ ਤੋਂ ਵੱਡਾ ਹੈ। ਆਪਣੇ ਪਿੰਡ ਵਿੱਚ ਹੀ ਪ੍ਰਾਇਮਰੀ ਸਿੱਖਿਆ ਹਾਸਿਲ ਕਰਨ ਪਿਛੋਂ ਉਸਨੇ ਨਾਲ ਦੇ ਪਿੰਡ ਖਹਿਰਾ ਮੱਝਾ ਤੋਂ ਦਸਵੀਂ ਪਾਸ ਕੀਤੀ। ਅਗਲੇਰੀ ਪੜ੍ਹਾਈ ਲਈ ਉਹ ਸਰਕਾਰੀ ਰਣਧੀਰ ਕਾਲਜ, ਕਪੂਰਥਲਾ 'ਚ ਦਾਖ਼ਲ ਹੋ ਗਿਆ। ਉਥੋਂ ਬੀ.ਏ. ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਐਮ.ਏ. ਪੰਜਾਬੀ ਕਰਨ ਲੱਗ ਪਿਆ। ਉਸਦੇ ਪਿੱਛੋਂ ਪੀ.ਐੱਚ.ਡੀ. ਦੀ ਡਿਗਰੀ ਵੀ ਹਾਸਿਲ ਕੀਤੀ। ਫਿਰ ਕੁਝ ਸਮਾਂ ਬਾਬਾ ਬੁੱਢਾ ਕਾਲਜ, ਬੀੜ ਸਾਹਿਬ, ਅੰਮ੍ਰਿਤਸਰ ਵਿਖੇ ਲੈਕਚਰਾਰ ਵਜੋਂ ਕੰਮ ਕੀਤਾ। ਸੰਨ 1972 ਵਿੱਚ ਉਹ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਰਿਸਰਚ ਅਸਿਸਟੈਂਟ ਆ ਲੱਗਿਆ। ਇਥੇ ਹੀ ਉਸਦੀ ਤਰੱਕੀ ਸਹਾਇਕ ਪ੍ਰੋਫੈਸਰ ਵਜੋਂ ਹੋ ਗਈ ਅਤੇ ਹੁਣ ਉਹ ਇਸ ਯੂਨੀਵਰਸਿਟੀ ਦੇ ਭਾਸ਼ਾ ਅਤੇ ਸਭਿਆਚਾਰ ਵਿਭਾਗ ਵਿੱਚੋਂ ਸੇਵਾ-ਮੁਕਤ ਹੋ ਚੁੱਕਾ ਹੈ।

2. **ਰਚਨਾ-ਵੇਰਵਾ** : ਸੁਰਜੀਤ ਪਾਤਰ ਨੇ ਭਾਵੇਂ ਅੰਗਰੇਜ਼ੀ ਨਾਟਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਨ ਤੋਂ ਇਲਾਵਾ ਟੀ. ਵੀ. ਮਾਧਿਅਮ ਵਾਸਤੇ ਸਕ੍ਰਿਪਟਾਂ ਲਿਖਣ ਦਾ ਮਹੱਤਵਪੂਰਨ ਕਾਰਜ ਵੀ ਚੋਖੀ ਮਾਤਰਾ ਵਿੱਚ ਕੀਤਾ ਹੈ ਪਰੰਤੂ ਉਸ ਦਾ ਵਿਸ਼ੇਸ਼ ਸਥਾਨ ਕਾਵਿ-ਰਚਨਾ ਵਿੱਚ ਹੀ ਬਣਦਾ ਹੈ। ਹੁਣ ਤੱਕ

ਉਸਦੇ ਨਿਮਨਲਿਖਿਤ ਕਾਵਿ-ਸੰਗ੍ਰਹਿ ਪ੍ਰਾਪਤ ਹਨ :

-ਕੋਲਾਜ਼ (ਸੰਪਾਦਿਤ ਕਾਵਿ-ਸੰਗ੍ਰਹਿ ਜਿਸ ਵਿੱਚ ਪਾਤਰ ਦੀਆਂ ਲੱਗਭਗ ਦਰਜਨ ਕਵਿਤਾਵਾਂ ਸ਼ਾਮਿਲ ਹਨ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973

-**ਹਵਾ 'ਚ ਲਿਖੇ ਹਰਫ਼,** ਸ਼ਬਦ ਲੋਕ ਪ੍ਰਕਾਸ਼ਨ, ਲੁਧਿਆਣਾ, 1979

-**ਬਿਰਖ਼ ਅਰਜ਼ ਕਰੇ**, ਸ਼ਬਦ ਲੋਕ ਪ੍ਰਕਾਸ਼ਨ, ਲੁਧਿਆਣਾ, 1992

-**ਹਨੇਰੇ ਵਿੱਚ ਸੁਲਘਦੀ ਵਰਣਮਾਲਾ,** ਸ਼ਬਦ-ਲੋਕ ਪ੍ਰਕਾਸ਼ਨ, ਲੁਧਿਆਣਾ, 1992

-**ਲਫ਼ਜ਼ਾਂ ਦੀ ਦਰਗਾਹ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000

**-ਪਤਝੜ ਦੀ ਪਾਜ਼ੇਬ** (ਇਸ ਵਿਚ ਬਿਰਖ਼ ਅਰਜ਼ ਕਰੇ ਗ਼ਜ਼ਲ-ਸੰਗ੍ਰਹਿ ਤੋਂ ਬਾਅਦ ਦੇ ਕਾਵਿ-ਸੰਗ੍ਰਿਹਾਂ ਵਿਚਲੀਆਂ ਗਜ਼ਲਾਂ ਸੰਮਿਲਤ ਹਨ), ਲੋਕ ਗੀਤ ਪ੍ਰਕਾਸ਼ਨ, ਚੰਡੀਗ੍ਹੜ 2004.

**-ਸੁਰਜ਼ਮੀਨ,**ਲੋਕ ਗੀਤ ਪ੍ਰਕਾਸ਼ਨ,ਚੰਡੀਗੜ੍ਹ , **2008**

ਇਨ੍ਹਾਂ ਮੌਲਿਕ ਕਾਵਿ-ਸੰਗ੍ਰਹਿਆਂ ਤੋਂ ਬਿਨਾਂ ਸੁਰਜੀਤ ਪਾਤਰ ਨੇ ਵੀਹਵੀਂ ਸਦੀ ਦੀ ਪ੍ਰਤੀਨਿਧ ਪੰਜਾਬੀ ਕਵਿਤਾ ਦਾ ਇਤਿਹਾਸਕ ਮਹੱਤਤਾ ਵਾਲਾ ਕਾਵਿ-ਸੰਗ੍ਰਹਿ **'ਸਦੀ ਦੀਆਂ ਤਰਕਾਲਾਂ'** ਵੀ ਸੰਪਾਦਿਤ ਕੀਤਾ ਹੈ।

3. **ਰਚਨਾ-ਦ੍ਰਿਸ਼ਟੀ ਅਤੇ ਕਾਵਿ-ਰਚਨਾ** : ਸੁਰਜੀਤ ਪਾਤਰ ਦੇ ਜੀਵਨ ਦੀਆਂ ਕੁਝ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਨੇ ਉਸ ਦੀ ਕਾਵਿ-ਸੰਵੇਦਨਾ ਨੂੰ ਪ੍ਰੇਰਿਤ ਵੀ ਕੀਤਾ ਅਤੇ ਉਸਦੇ ਵਿਅਕਤਿਤਵ ਨੂੰ ਵਿਸ਼ੇਸ਼ ਸਾਂਚੇ ਵਿੱਚ ਢਾਲਣ ਲਈ ਅਹਿਮ ਭੂਮਿਕਾ ਵੀ ਨਿਭਾਈ। ਇਨ੍ਹਾਂ ਘਟਨਾਵਾਂ ਦਾ ਜ਼ਿਕਰ **ਡਾ: ਤੇਜਵੰਤ ਗਿੱਲ** ਨੇ ਇਉਂ ਸੂਤਰਬੱਧ ਢੰਗ ਨਾਲ ਕੀਤਾ ਹੈ।

ੳ) ਗੈਰ ਕਿਰਸਾਣੀ ਪੇਂਡੂ ਪਿਛੋਕੜ

ਅ) ਇਸਦੇ ਕਾਰਨ ਸਾਊਪੁਣੇ ਨਾਲ ਓਤ-ਪੋਤ ਬਚਪਨ

ੲ) ਪਿਤਾ ਦਾ ਪ੍ਰਵਾਸ ਵਿੱਚ ਵਸੇਬਾ

ਸ) ਇਸਦੇ ਫਲਸਰੂਪ ਕਿਸ਼ੋਰ ਅਵਸਥਾ ਵਿੱਚ ਪ੍ਰੋਢ ਜ਼ਿੰਮੇਵਾਰੀ ਦਾ ਅਹਿਸਾਸ

ਹ) ਇਹ ਅਹਿਸਾਸ ਵਜੋਂ ਕੁਸ਼ਲ ਵਿਦਿਆ-ਪ੍ਰਾਪਤੀ

ਕ) ਇਸਦੇ ਫਲਸਰੂਪ ਰਚਨਾਤਮਕ ਜਗਿਆਸਾ ਆਦਿ[1]

ਸੁਰਜੀਤ ਪਾਤਰ ਦਾ ਜਨਮ ਇੱਕ ਤਰਖਾਣ ਪਰਿਵਾਰ ਵਿੱਚ ਹੋਇਆ। ਪੰਜਾਬ ਦੇ ਪਿੰਡਾਂ ਵਿੱਚ ਇਨ੍ਹਾਂ ਗੈਰ-ਕਿਰਸਾਨੀ ਵਰਗਾਂ ਦੀ ਸਥਿਤੀ ਭਾਵੇਂ ਜੱਟ ਕਿਰਸਾਣੀ ਦੇ ਮੁਕਾਬਲਤਨ ਕੁਝ ਦੂਜੈਲੇ ਦਰਜੇ ਦੀ ਸਮਝੀ ਜਾਂਦੀ ਹੈ ਪਰੰਤੂ ਇਸ ਵਰਗ ਦਾ ਮਹੱਤਵ ਇਸ ਦੇ ਕਲਾ-ਕੌਸ਼ਲ ਕਰਕੇ ਵਿਸ਼ੇਸ਼ ਮਾਣ-ਸਨਮਾਨ ਵਾਲਾ ਰਿਹਾ ਹੈ। ਪੰਜਵੇਂ ਦਹਾਕੇ ਵਿੱਚ ਉਸਦੇ ਜਨਮ ਸਮੇਂ ਸੁਰਜੀਤ ਪਾਤਰ ਦਾ ਪਰਿਵਾਰ ਵੀ ਆਪਣੀ ਮਿਹਨਤ ਅਤੇ ਹੁਨਰ ਨਾਲ ਆਪਣਾ ਗੁਜ਼ਰ-ਬਸਰ ਚੰਗਾ ਕਰ ਰਿਹਾ ਸੀ। ਉਸਦਾ ਪਿਤਾ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਹੋ ਕੇ ਗੁਰਬਾਣੀ ਨਾਲ ਵੀ ਜੁੜਿਆ ਹੋਇਆ ਸੀ। ਇਸ ਮਾਹੌਲ ਵਿੱਚੋਂ ਪਾਤਰ ਨੇ ਸਹਿਜ-ਸੁਭਾਅ ਹੀ ਹੁਨਰ ਦੀ ਗੁੜ੍ਹਤੀ ਪ੍ਰਾਪਤ ਕਰ ਲਈ ਹੋਵੇਗੀ। **'ਕੁੜੀਆਂ ਪਿਛੋਂ ਜੰਮਿਆ'** ਦੇ ਅਖਾਣ ਅਨੁਸਾਰ ਉਸ ਦੇ ਸੁਭਾਅ ਵਿੱਚ ਸਾਊਪੁਣਾ ਵੀ ਮੁੱਢ ਤੋਂ ਹੀ ਸ਼ਾਮਿਲ ਰਿਹਾ ਹੋਵੇਗਾ। ਇਸ ਤਰ੍ਹਾਂ ਪਾਤਰ ਦੇ ਅੰਦਰ ਕਲਾ ਦਾ ਬੀਜ ਫੁੱਟਣ ਵਾਸਤੇ ਸਭ ਕੁਝ ਅਨੁਕੂਲ ਸੀ :

ਪਿਤਾ ਦੇ ਇਸ ਕਰਤੱਵ ਨੇ ਬਚਪਨ ਵਿੱਚ ਹੀ ਸੁਰਜੀਤ ਪਾਤਰ ਦੇ ਮਨ ਵਿੱਚ

---

1. ਸੁਰਜੀਤ ਪਾਤਰ ਜੀਵਨ ਤੇ ਰਚਨਾ, ਪੰਨਾ 13

> ਸ਼ਬਦਾਂ ਪ੍ਰਤੀ ਮੋਹ ਅਤੇ ਉਹਨਾਂ ਦੇ ਸ਼ੁੱਧ ਉਚਾਰ ਪ੍ਰਤੀ ਸ਼ੈਦਾਅ ਪੈਦਾ ਕਰ ਦਿੱਤਾ। ਨਾਜ਼ਕ ਸੂਰਤ ਅਤੇ ਸਾਊ ਸੀਰਤ ਨੇ ਇਸਨੂੰ ਹੋਰ ਵੀ ਪ੍ਰਬਲ ਬਣਾ ਦਿੱਤਾ। ਪ੍ਰਮਾਣ ਵਜੋਂ ਸਕੂਲ ਵਿੱਚ ਪਹਿਲੀਆਂ ਜਮਾਤਾਂ ਤੋਂ ਹੀ ਉਸਨੇ ਬੈਂਜੋ ਤੇ ਸੋਹਨ ਸਿੰਘ ਸੀਤਲ ਆਦਿ ਦੀਆਂ ਸਿੱਖ ਸੂਰਬੀਰਾਂ, ਸ਼ਹੀਦਾਂ ਅਤੇ ਸਾਹਿਬਜ਼ਾਦਿਆਂ ਬਾਰੇ ਰਚੀਆਂ ਵਾਰਾਂ ਗਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਠਵੀਂ ਤੱਕ ਪਹੁੰਚਦੇ ਨੂੰ ਹਰ ਰੋਜ਼ ਸਵੇਰੇ ਪ੍ਰਾਰਥਨਾ-ਸਭਾ ਵਿੱਚ ਸਮੁੱਚੇ ਵਿਦਿਆਰਥੀ ਵਰਗ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਵੀ ਉਸ ਉੱਤੇ ਆਣ ਪਈ। ਮਜ਼ਬੂਰੀ ਨਾਲੋਂ ਇਹ ਕਿਤੇ ਵਧੇਰੇ ਉਸ ਲਈ ਦਿਲਚਸਪੀ ਦਾ ਕਾਰਨ ਸੀ।[2]

ਸਾਊ ਅਤੇ ਸੰਵੇਦਨਸ਼ੀਲ ਮਨ ਵਾਲੇ ਸੁਰਜੀਤ ਪਾਤਰ ਦੀ ਜ਼ਿੰਦਗੀ ਵਿੱਚ ਸਭ ਤੋਂ ਝੰਜੋੜਨ ਵਾਲੀ ਪਹਿਲੀ ਘਟਨਾ ਉਸਦੇ ਪਿਤਾ ਦਾ ਪਰਦੇਸ ਜਾਣਾ ਸੀ। ਇਸ ਦੇ ਪ੍ਰਭਾਵ ਨੇ ਉਸ ਨੂੰ ਬਚਪਨ ਵਿੱਚ ਹੀ ਸਿਆਣਿਆਂ ਵਾਲੀ ਗੰਭੀਰਤਾ ਦੇ ਲੜ ਲਾ ਦਿੱਤਾ :

> ਪਿਤਾ ਦੇ ਪਰਦੇਸ ਚਲੇ ਜਾਣ ਕਾਰਨ ਇਸ ਮੌਨਤਾ ਵਿੱਚ ਗੰਭੀਰਤਾ ਦਾ ਪ੍ਰਵੇਸ਼ ਕਰ ਜਾਣਾ ਸੁਭਾਵਕ ਸੀ। ਦੂਜੀ ਜਮਾਤ ਵਿੱਚ ਉਸ ਵਕਤ ਅੱਠ ਕੁ ਸਾਲ ਦਾ ਹੀ ਸੀ ਜਦੋਂ ਉਸਦੇ ਪਿਤਾ ਨੇ ਅਫ਼ਰੀਕਾ ਦੇ ਦੇਸ਼ ਕੀਨੀਆਂ ਵਿੱਚ ਵਸੇਬਾ ਕਰ ਲਿਆ।[3]

ਉਸ ਸਮੇਂ ਦੀ ਸਥਿਤੀ ਸਦਾ ਸਦਾ ਲਈ ਸੁਰਜੀਤ ਪਾਤਰ ਦੇ ਅਵਚੇਤਨ ਦਾ ਅੰਗ ਬਣ ਗਈ। ਬਹੁਤ ਚਿਰ ਬਾਅਦ ਉਸ ਦਾ ਅਜਿਹਾ ਅਵਚੇਤਨ ਕਵਿਤਾ ਰਾਹੀਂ ਉਜਾਗਰ ਹੋਇਆ। ਉਸਦੇ ਆਪਣੇ ਸ਼ਬਦਾਂ ਵਿੱਚ, ''ਪਿਤਾ ਜੀ ਦੇ ਪਰਦੇਸ ਜਾਣ ਬਾਰੇ ਮੈ ਕਈ ਸਾਲਾਂ ਬਾਅਦ ਆਪਣੇ ਗੀਤ ਵਿੱਚ ਜ਼ਿਕਰ ਵੀ ਕੀਤਾ'' :

> ਮੈਲੀ ਜਿਹੀ ਸਿਆਲ ਦੀ ਉਹ ਧੁੰਦਲੀ ਸਵੇਰ ਸੀ
> ਸੂਰਜ ਦੇ ਚੜ੍ਹਨ 'ਚ ਹਾਲੇ ਬੜੀ ਦੇਰ ਸੀ
> ਪਿਤਾ ਪਰਦੇਸ ਗਿਆ ਜਦੋਂ ਪਹਿਲੀ ਵੇਰ ਸੀ
> ਮੇਰੀ ਮਾਂ ਦੇ ਨੈਣਾਂ ਵਿੱਚ ਹੰਝੂ ਤੇ ਹਨ੍ਹੇਰ ਸੀ
> ਹਾਲੇ ਤੀਕ ਨੈਣਾਂ ਵਿੱਚ ਮਾੜੀ-ਮਾੜੀ ਗਹਿਰ ਏ.....
> ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ।

ਇਸ ਘਟਨਾ ਨੇ ਸੁਰਜੀਤ ਪਾਤਰ ਨੂੰ ਉਦਾਸ, ਗੰਭੀਰ ਅਤੇ ਜ਼ਿੰਮੇਵਾਰ ਬਣਾ ਦਿੱਤਾ। ਉਹ ਆਪਣੇ ਭਵਿੱਖ ਦੇ ਫਿਕਰਾਂ ਨੂੰ ਮਨ 'ਚ ਵਸਾਈ ਪੱਕੇ ਕਦਮਾਂ ਨਾਲ ਪੜ੍ਹਾਈ ਵਿੱਚ ਜੁਟ ਗਿਆ। ਇਸ ਯਤਨ ਦਾ ਸਿੱਟਾ ਵੀ ਮਿਲਣਾ ਸ਼ੁਰੂ ਹੋ ਗਿਆ। ਉਹ 75 ਫੀਸਦੀ ਅੰਕ ਪ੍ਰਾਪਤ ਕਰਕੇ ਦਸਵੀਂ ਵਿੱਚ ਆਪਣੇ ਸਕੂਲ ਵਿਚੋਂ ਪਹਿਲੇ ਸਥਾਨ ਉੱਤੇ ਰਿਹਾ। ਕਾਲਜ ਵਿੱਚ ਵੀ ਉਸਨੇ ਇੰਜਨੀਅਰਿੰਗ ਦੇ ਖੇਤਰ ਵਿੱਚ ਜਾਣ ਦੇ ਇਰਾਦੇ ਨਾਲ ਵਿਸ਼ਿਆਂ ਦੀ ਚੋਣ ਕੀਤੀ ਪਰੰਤੂ ਉਸਦੇ ਸੁਚੇਤ ਇਰਾਦਿਆਂ ਦੇ ਨਾਲ-ਨਾਲ ਉਸਦਾ ਅਚੇਤ ਮਨ ਵੀ ਪ੍ਰਭਾਵੀ ਹੋਣ ਲੱਗ ਪਿਆ :

> ਮਲੂਕੜੀ ਜਿਹੀ ਸੂਰਤ ਦੇ ਪਿੱਛੇ ਜਿਸ ਤਰ੍ਹਾਂ ਦੀ ਮੋਹਿਕ ਸੀਰਤ ਪਲਮ ਰਹੀ ਸੀ, ਉਸਦੇ ਲਈ ਇਹ ਵਿਸ਼ੇ ਪ੍ਰਤੀਕੂਲ ਸਨ। ਪਰਿਣਾਮ ਸਰੂਪ ਉਸਦੀ

2. ਡਾ. ਤੇਜਵੰਤ ਗਿੱਲ, ਉਹੀ ਰਚਨਾ, ਪੰਨਾ 14
3. ਉਹੀ
4. ਡਾ. ਵਨੀਤਾ ਦੀ ਸੁਰਜੀਤ ਪਾਤਰ ਨਾਲ ਮੁਲਾਕਾਤ ਚੋਂ, ਡਾ. ਸਤਿੰਦਰ ਸਿੰਘ ਨੂਰ ਅਤੇ ਡਾ. ਵਨੀਤਾ, ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਨਾ 40

> ਵਿਗਿਆਨਕ ਵਿਸ਼ਿਆਂ ਵਿੱਚ ਕੋਈ ਦਿਲਚਸਪੀ ਨਾ ਬਣ ਸਕੀ। ਸੋ ਸਾਰਾ ਸਾਲ ਅਜਾਈਂ ਹੀ ਬੀਤ ਗਿਆ ਅਤੇ ਅਗਲੇ ਸਾਲ ਉਸਨੂੰ ਇਸੇ ਜਮਾਤ ਵਿੱਚ ਅਰਥ ਵਿਗਿਆਨ, ਰਾਜਨੀਤੀ ਵਿਗਿਆਨ, ਪੰਜਾਬੀ ਅਤੇ ਅੰਗਰੇਜ਼ੀ ਦੇ ਵਿਸ਼ਿਆਂ ਵਿੱਚ ਦਾਖਲਾ ਲੈਣਾ ਪਿਆ।[5]

ਇਸ ਨਾਲ ਸੁਰਜੀਤ ਪਾਤਰ ਨੂੰ ਆਪਣੀ ਇੱਛਾ ਅਨੁਸਾਰ ਮਾਰਗ ਪ੍ਰਾਪਤ ਹੋ ਗਿਆ। ਹੁਣ ਉਹ ਸਾਹਿਤਕ ਸਰਗਰਮੀਆਂ ਵਿੱਚ ਵੀ ਸ਼ਾਮਿਲ ਹੋਣ ਲੱਗ ਪਿਆ। ਉਹ ਕਾਲਜਾਂ ਵਿੱਚ ਹੋਣ ਵਾਲੇ ਕਾਵਿ-ਉਚਾਰਨ ਮੁਕਾਬਲਿਆਂ ਵਿੱਚ ਸ਼ਾਮਿਲ ਹੋਣ ਲੱਗਿਆ ਅਤੇ ਕਾਲਜ ਮੈਗਜ਼ੀਨ ਦੇ ਪੰਜਾਬੀ ਭਾਗ ਦਾ ਸੰਪਾਦਕ ਬਣਨ ਦਾ ਸਬੱਬ ਵੀ ਬਣ ਗਿਆ। ਉਸ ਦੀ ਕਾਵਿ-ਰਚਨਾ ਦੀ ਰੁਚੀ ਪ੍ਰਬਲ ਹੋਣ ਲੱਗ ਪਈ। ਉਸਦੇ ਸ਼ਬਦਾਂ ਵਿੱਚ :

> ਤੁਕਬੰਦੀ ਤਾਂ ਬਹੁਤ ਬਚਪਨ ਵਿੱਚ ਹੀ ਕਰਨ ਲੱਗ ਪਿਆ ਸਾਂ ਪਰ ਕਾਲਜ ਵਿੱਚ ਆ ਕੇ ਮੇਰੇ ਸੁਖਨ ਤੇ ਅਹਿਸਾਸ ਦਾ ਰਿਸ਼ਤਾ ਜੁੜਿਆ। ....ਰਣਬੀਰ ਕਾਲਜ, ਕਪੂਰਥਲਾ ਵਿੱਚ ਪੜ੍ਹਦਿਆਂ ਹੀ ਮੇਰੀਆਂ ਪਹਿਲੀਆਂ ਕਵਿਤਾਵਾਂ 'ਪ੍ਰੀਤਲੜੀ' ਵਿੱਚ ਛਪੀਆਂ।[6]

ਸਾਹਿਤ ਨਾਲ ਜੁੜੀ ਉਸਦੀ ਬਿਰਤੀ ਹੌਲੀ-ਹੌਲੀ ਉਸਦਾ ਇਸ਼ਕ ਹੋ ਨਿਬੜੀ। ਉਹ ਲਿਖਣ ਦੇ ਨਾਲ-ਨਾਲ ਉਸ ਵੇਲੇ ਦੇ ਸਥਾਪਿਤ ਲੇਖਕਾਂ ਨੂੰ ਪੜ੍ਹਨ ਲੱਗਿਆ। ਉਸਦੇ ਸ਼ਬਦ ਹਨ :

> ਮੈਂ ਤੇ ਮੇਰਾ ਦੋਸਤ ਵੀਰ ਸਿੰਘ ਰੰਧਾਵਾ, ਲੋਕ-ਗੀਤ ਤੇ ਉਰਦੂ ਸ਼ਾਇਰੀ ਪੜ੍ਹਨ ਦੇ ਸ਼ੌਕੀਨ ਸਾਂ।.....ਪੰਜਾਬੀ ਵਿੱਚ ਉਦੋਂ ਮੈਨੂੰ ਜਿਹੜੇ ਸ਼ਾਇਰਾਂ ਦੀ ਸ਼ਾਇਰੀ ਬਹੁਤ ਚੰਗੀ ਲੱਗਦੀ ਸੀ, ਉਹ ਸਨ ਬਾਵਾ ਬਲਵੰਤ, ਡਾ. ਹਰਭਜਨ ਸਿੰਘ ਤੇ ਮੀਸ਼ਾ। ਬਾਵੇ ਦੀ ਸ਼ਬਦਾਵਲੀ ਤੇ ਵਿਸ਼ਾਲਤਾ, ਡਾ: ਹਰਿਭਜਨ ਸਿੰਘ ਦਾ ਸਰੋਦੀਪਣ ਤੇ ਮੀਸ਼ਾ ਦੀ ਅਸਲੀਅਤ ਪਸੰਦੀ ਤੇ ਭਾਸ਼ਾ ਦੀ ਵਰਤੋਂ।[7]

ਸੁਰਜੀਤ ਪਾਤਰ ਦੀਆਂ ਸਾਹਿਤਕ ਰੁਚੀਆਂ ਨੂੰ ਨਿਖਾਰਨ ਅਤੇ ਸੰਵਾਰਨ ਵਿੱਚ ਸਭ ਤੋਂ ਅਹਿਮ ਯੋਗਦਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਸ ਮਾਹੌਲ ਨੇ ਪਾਇਆ ਜਿਹੜਾ ਉਸਨੂੰ ਆਪਣੀ ਉਚੇਰੀ ਸਿੱਖਿਆ ਦੇ ਵਰ੍ਹਿਆਂ ਦੌਰਾਨ ਮਿਲਿਆ। ਇਸ ਦਾ ਜ਼ਿਕਰ ਪਾਤਰ ਬਹੁਤ ਹੁਲਾਸ ਨਾਲ ਕਰਦਾ ਹੈ :

> ਪਟਿਆਲੇ ਤੋਂ ਮੇਰੇ ਕਵਿਤਾ ਤੇ ਗਿਆਨ ਦੇ ਨਵੇਂ ਦਰਵਾਜ਼ੇ ਖੁਲ੍ਹਦੇ ਹਨ। ਜਦੋਂ ਮੈਂ ਐਮ. ਏ. ਕਰਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਗਿਆ ਤਾਂ ਦੰਤ ਕਥਾ ਬਣ ਚੁੱਕਾ ਭੂਤਵਾੜਾ ਤਾਂ ਉੱਜੜ ਚੁੱਕਾ ਸੀ, ਪਰ ਫਿਰ ਵੀ ਕੁਝ ਰੂਹਾਂ ਮਿਲ ਗਈਆਂ - ਲਾਲੀ ਜੀ, ਨੂਰ ਸਾਹਿਬ, ਡਾ. ਗੁਰਭਗਤ, ਕੁਲਵੰਤ ਗਰੇਵਾਲ ਤੇ ਹਰਿੰਦਰ ਮਹਿਬੂਬ....ਇਨ੍ਹਾਂ ਸਾਰਿਆਂ ਦੀ ਦਾਨਸ਼ਵਰੀ ਤੇ ਦੀਵਾਨਗੀ ਨੇ ਨਵੇਂ ਦੋਮੇਲ ਦਿਖਾਏ। ਕੈਰੋਂ ਵੀ ਆਪਣੇ ਯਥਾਰਥਵਾਦੀ ਸੁਪਨਿਆਂ ਸਮੇਤ ਉਥੇ ਹੀ ਮਿਲਿਆ। ਹੁਸਨਪ੍ਰਸਤ ਪੋਜ਼ੀਅਰ, ਸ਼ਿਵ, ਰਣਜੀਤ ਤੇ ਰੰਗੀਲਾ ਵੀ। ਉਥੇ ਹੀ ਮੈਂ ਦੁਨੀਆਂ ਦੇ ਮਹਾਨ ਸਾਹਿਤ ਤੋਂ ਵਾਕਫ਼ ਹੋਇਆ। ਯੂਨਾਨੀ ਦੁਖਾਂਤ, ਲੋਰਕਾ, ਬ੍ਰੈਖ਼ਤ, ਨਰੂਦਾ ਆਦਿ।[8]

ਪਟਿਆਲੇ ਤੋਂ ਉਖੜ ਕੇ ਉਹ ਕੁਝ ਸਮਾਂ ਰੁਜ਼ਗਾਰ ਖਾਤਰ ਏਧਰ-ਉਧਰ ਭਟਕਦਾ ਰਿਹਾ ਪਰ ਫਿਰ

---

5. ਡਾ. ਤੇਜਵੰਤ ਗਿੱਲ, ਉਹੀ ਰਚਨਾ, ਪੰਨਾ 15
6. ਡਾ. ਸਤਿੰਦਰ ਸਿੰਘ ਨੂਰ ਅਤੇ ਡਾ. ਵਨੀਤਾ, ਉਹੀ ਰਚਨਾ, ਪੰਨਾ 40
7. ਉਹੀ ਰਚਨਾ
8. ਉਹੀ

ਉਸ ਨੂੰ ਲੁਧਿਆਣੇ ਦੇ ਰੂਪ ਵਿੱਚ ਆਪਣਾ ਪੱਕਾ ਵਸੇਬਾ ਹਾਸਲ ਹੋ ਗਿਆ। ਸੱਤਵੇਂ ਦਹਾਕੇ ਤੋਂ ਹੁਣ ਤੱਕ ਉਹ ਲੁਧਿਆਣੇ ਨਾਲ ਹੀ ਜੁੜਿਆ ਹੋਇਆ ਹੈ। ਲੁਧਿਆਣੇ ਵਿੱਚ ਉਸਨੂੰ ਪਹਿਲਾਂ ਪ੍ਰੋ. ਮੋਹਨ ਸਿੰਘ ਅਤੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਵਰਗੇ ਉੱਚ-ਦੁਮਾਲੜੇ ਸਾਹਿਤਕਾਰਾਂ ਦੀ ਸੁਹਬਤ ਪ੍ਰਾਪਤ ਹੋਈ ਅਤੇ ਬਾਅਦ ਵਿੱਚ ਅਮਰਜੀਤ ਗਰੇਵਾਲ, ਦੇਵ ਅਤੇ ਡਾ. ਤੇਜਵੰਤ ਸਿੰਘ ਗਿੱਲ ਵਰਗੇ ਚਿੰਤਕ ਦੋਸਤਾਂ ਦੇ ਸਾਥ ਵਿੱਚ ਸੁਰਜੀਤ ਪਾਤਰ ਨੂੰ ਸੁਖਾਵਾਂ ਸਾਹਿਤਕ ਭਾਈਚਾਰਾ ਮਿਲਦਾ ਰਿਹਾ। ਫਲਸਰੂਪ ਸੁਰਜੀਤ ਪਾਤਰ ਨੇ ਕਾਵਿ-ਰਚਨਾ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਉਸਦੇ ਕਾਵਿ-ਸੰਗ੍ਰਹਿ 'ਹਨੇਰੇ 'ਚ ਸੁਲਘਦੀ ਵਰਣਮਾਲਾ' ਨੂੰ 1997 ਲਈ ਸਾਹਿਤ ਅਕਾਦਮੀ ਦਿੱਲੀ ਦਾ ਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਉਸ ਨੂੰ ਪਦਮ ਸ੍ਰੀ ਦਾ ਸਨਮਾਨ ਵੀ ਪ੍ਰਾਪਤ ਹੋ ਚੁੱਕਾ ਹੈ।

ਆਪਣੀ ਸਫਲ ਪਰਿਵਾਰਕ ਜ਼ਿੰਦਗੀ ਅਤੇ ਨੌਕਰੀ ਦੀਆਂ ਜ਼ਿੰਮੇਵਾਰੀਆਂ ਨਿਬਾਹੁਣ ਦੇ ਨਾਲ-ਨਾਲ ਸੁਰਜੀਤ ਪਾਤਰ ਸਾਹਿਤਕ ਸਰਗਰਮੀਆਂ ਵਿੱਚ ਬਹੁਤ ਸ਼ਿੱਦਤ ਨਾਲ ਕਾਰਜਸ਼ੀਲ ਰਹਿਣ ਵਾਲਾ ਸਾਹਿਤਕਾਰ ਹੈ। ਇਸ ਨਾਲ ਉਸਨੇ ਬੌਧਿਕ ਹਲਕਿਆਂ ਅਤੇ ਜਨ-ਸਾਧਾਰਨ ਤੱਕ ਇਕੋ ਸਮੇਂ ਆਪਣਾ ਪ੍ਰਭਾਵ ਛੱਡਿਆ ਹੈ। ਮਿਸਾਲ ਵਜੋਂ ਇੱਕ ਪਾਸੇ ਉਸ ਦੀ ਕਵਿਤਾ ਯੂਨੀਵਰਸਿਟੀਆਂ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਦੀ ਖੋਜ ਦਾ ਕੇਂਦਰ ਬਣਦੀ ਹੈ ਤਾਂ ਦੂਜੇ ਪਾਸੇ ਉਸਦੇ ਗੀਤਾਂ-ਗ਼ਜ਼ਲਾਂ ਨੂੰ ਪਾਪੂਲਰ ਗਾਇਕਾਂ ਨੇ ਗਾ ਕੇ ਆਮ ਲੋਕਾਂ ਤੱਕ ਦਾ ਹੁੰਗਾਰਾ ਪ੍ਰਾਪਤ ਕੀਤਾ ਹੈ।

ਸੁਰਜੀਤ ਪਾਤਰ ਦੇ ਕਾਵਿ-ਸਫ਼ਰ ਉਤੇ ਝਾਤ ਪਾਈਏ ਤਾਂ ਵਸਤੂ-ਯਥਾਰਥ ਜਾਂ ਅਨੁਭਵ ਦੇ ਪੱਖ ਤੋਂ ਇਸਦੇ ਤਿੰਨ ਸਪੱਸ਼ਟ ਨਿਮਨ ਲਿਖਿਤ ਪੜਾਅ ਨਿਰਧਾਰਤ ਕੀਤੇ ਜਾ ਸਕਦੇ ਹਨ :

1) **ਜੁਝਾਰਵਾਦੀ ਦੌਰ ਦੀ ਕਵਿਤਾ**
2) **ਪੰਜਾਬ ਸੰਕਟ ਦੇ ਅਨੁਭਵ ਦੀ ਕਵਿਤਾ**
3) **ਆਤਮ-ਬੋਧ ਦੇ ਪ੍ਰਗਟਾਵੇ ਦੀ ਕਵਿਤਾ**

ਸੁਰਜੀਤ ਪਾਤਰ ਇੱਕ ਸਮਰੱਥ ਸ਼ਾਇਰ ਵਜੋਂ ਸਭ ਤੋਂ ਪਹਿਲਾਂ ਉਨ੍ਹਾਂ ਨੌਂ ਕਵਿਤਾਵਾਂ ਨਾਲ ਉਭਰਿਆ ਜਿਹੜੀਆਂ 1973 ਵਿੱਚ 'ਕੋਲਾਜ਼' ਨਾਂ ਦੇ ਸੰਮਲਿਤ ਸੰਗ੍ਰਹਿ ਵਿੱਚ ਪ੍ਰਕਾਸ਼ਿਤ ਹੋਈਆਂ। ਇਹ ਕਵਿਤਾਵਾਂ ਕਾਫ਼ੀ ਹੱਦ ਤੱਕ ਆਪਣੀ ਸਮਕਾਲੀ ਜੁਝਾਰਵਾਦੀ ਕਾਵਿ-ਲਹਿਰ ਵਾਂਗ ਸਥਾਪਤੀ ਵਿਰੋਧੀ ਸੁਰ ਵਾਲੀਆਂ ਹਨ। ਡਾ. ਰਾਜਿੰਦਰ ਪਾਲ ਸਿੰਘ ਦੇ ਸ਼ਬਦਾਂ ਵਿੱਚ :

> ਪਾਤਰ ਇਨ੍ਹਾਂ ਨੌਂ ਨਜ਼ਮਾਂ ਵਿੱਚ ਸਮਕਾਲੀ ਯਥਾਰਥ ਦੇ ਇੱਕ ਵਿਸ਼ੇਸ਼ ਅੰਗ ਰਾਜਸੀ ਯਥਾਰਥ ਨੂੰ ਸਿੱਧੇ ਤੌਰ ਤੇ ਮੁਖ਼ਾਤਬ ਹੈ। ਇਨ੍ਹਾਂ ਨਜ਼ਮਾਂ ਵਿੱਚ ਉਹ ਜ਼ਿਆਦਾਤਰ ਸਮੂਹ ਨੂੰ ਸੰਬੋਧਿਤ ਹੁੰਦਾ ਹੈ।[9]

ਸਥਾਪਤੀ ਵੱਲੋਂ ਅਮਨ ਅਤੇ ਸ਼ਾਂਤੀ ਦੇ ਗਾਂਧੀਵਾਦੀ ਸੰਕਲਪਾਂ ਦੀ ਓਟ ਵਿੱਚ ਜਨ-ਸਾਧਾਰਨ ਦੀ ਹੱਕ ਮੰਗਦੀ ਆਵਾਜ਼ ਨੂੰ ਕੁਚਲਣ ਦੀਆਂ ਚਾਲਾਂ ਨੂੰ ਪਛਾਣਦਿਆਂ ਕਵੀ ਇਸ ਨੀਤੀ ਦਾ ਵਿਰੋਧ ਕਰਦਾ ਹੈ :

> ਅਮਨ ਸ਼ਾਂਤੀ ਸ਼ਾਇਦ ਆਤਮਾ ਦਾ ਸੌਣਾ ਹੈ
> ਜਜ਼ਬਿਆਂ ਦਾ ਮਰਨਾ ਹੈ
> ਆਦਮੀ ਦੀ ਥਾਂ ਉਤੇ
> ਬੁੱਤ ਦਾ ਉਸਰਨਾ ਹੈ
> ਕੋਕੇ ਵਾਲੇ ਬੂਟਾਂ ਦਾ
> ਲਾਸ਼ਾਂ ਉੱਤੇ ਤੁਰਨਾ ਹੈ
> ਤਾਂ ਜੋ ਖੜਕ ਨਾ ਹੋਵੇ।

ਇਹ ਉਪਰੋਕਤ ਸਤਰਾਂ ਜੁਝਾਰਵਾਦੀ ਕਵੀ ਪਾਸ਼ ਦੀ ਸੁਰ ਨਾਲ ਬਹੁਤ ਘਣੀ ਸਾਂਝ ਵਾਲੀਆਂ

9. ਸੁਰਜੀਤ ਪਾਤਰ ਦੀ ਕਾਵਿ-ਸੰਵੇਦਨਾ, ਪੰਨਾ 55

ਹਨ। ਪਰ ਸੁਰਜੀਤ ਪਾਤਰ ਦੀ ਕਾਵਿ-ਸੁਰ ਵਿੱਚ ਜੁਝਾਰਵਾਦ ਦੇ ਨਾਲ-ਨਾਲ ਅਸਤਿਤਵਵਾਦੀ ਅੰਸ਼ਾਂ ਦਾ ਦਖ਼ਲ ਵੀ ਵੇਖਿਆ ਜਾ ਸਕਦਾ ਹੈ :

ਮੇਰੇ 'ਚੋਂ ਨਹਿਰੂ ਵੀ ਬੋਲਦਾ ਹੈ ਮਾਓ ਵੀ
ਕ੍ਰਿਸ਼ਨ ਵੀ ਬੋਲਦਾ ਹੈ ਕਾਮੂ ਵੀ
ਵਾਇਸ ਆਫ਼ ਅਮੇਰਿਕਾ ਵੀ
ਬੀ. ਬੀ. ਸੀ. ਵੀ.
ਮੇਰੇ 'ਚ ਬਹੁਤ ਕੁਝ ਬੋਲਦਾ ਹੈ
ਨਹੀਂ ਬੋਲਦਾ ਤਾਂ ਬੱਸ ਮੈਂ ਨਹੀਂ ਬੋਲਦਾ

ਇਸ ਪ੍ਰਕਾਰ ਸੁਰਜੀਤ ਪਾਤਰ ਆਪਣੀਆਂ ਸਮਕਾਲੀ ਜੁਝਾਰਵਾਦੀ ਅਤੇ ਪ੍ਰਯੋਗਵਾਦੀ ਕਾਵਿ-ਲਹਿਰਾਂ ਦੇ ਸਮਾਨੰਤਰ ਆਪਣੀ ਵਿਲੱਖਣ ਸੁਰ ਦੀ ਨੀਂਹ ਰੱਖਦਾ ਹੈ। ਉਹ ਇਨ੍ਹਾਂ ਦੋਵਾਂ ਪ੍ਰਵਿਰਤੀਆਂ ਦੀ ਕਾਵਿ-ਚੇਤਨਾ ਦੇ ਸਕਾਰਕ ਪੱਖਾਂ ਨੂੰ ਅਪਣਾ ਕੇ ਆਤਮਸਾਤ ਕਰਦਾ ਹੈ ਅਤੇ ਆਪਣੀ ਵਿਲੱਖਣ ਸ਼ਖਸ਼ੀਅਤ ਦਾ ਅੰਗ ਬਣਾ ਲੈਂਦਾ ਹੈ।

ਸੁਰਜੀਤ ਪਾਤਰ ਦੀ ਦੂਜੀ ਕਾਵਿ-ਪੁਸਤਕ 'ਹਵਾ 'ਚ ਲਿਖੇ ਹਰਫ਼' 1979 'ਚ ਪ੍ਰਕਾਸ਼ਿਤ ਹੁੰਦੀ ਹੈ। ਇਸ ਵਿੱਚ ਉਹ ਸਿਰਫ਼ ਗ਼ਜ਼ਲਾਂ ਨੂੰ ਹੀ ਸ਼ਾਮਿਲ ਕਰਦਾ ਹੈ। ਜੇ ਵਧੇਰੇ ਗਹੁ ਨਾਲ ਵਾਚੀਏ ਤਾਂ ਇਨ੍ਹਾ ਗ਼ਜ਼ਲਾਂ ਦਾ ਭਾਵ-ਬੋਧ ਵੀ ਉਸਦੀਆਂ ਮੁੱਢਲੀਆਂ ਨਜ਼ਮਾਂ ਦੇ ਨੇੜੇ-ਤੇੜੇ ਹੀ ਵਿਚਰਦਾ ਹੈ। ਭਾਵੇਂ ਉਸਦੀ ਅਸਤਿਤਵਵਾਦੀ ਸੁਰ ਕੁਝ ਵਧੇਰੇ ਉਭਰਵੇਂ ਰੂਪ 'ਚ ਪੇਸ਼ ਹੋ ਕੇ ਜੁਝਾਰਵਾਦੀ ਤੱਤਾਂ ਉੱਤੇ ਕਾਬਜ਼ ਹੁੰਦੀ ਜਾਪਦੀ ਹੈ। ਇਨ੍ਹਾਂ ਗ਼ਜ਼ਲਾਂ ਰਾਹੀਂ ਉਹ ਆਪਣੇ ਸਮਕਾਲੀ, ਸਮਾਜਕ ਅਤੇ ਰਾਜਸੀ ਅਵਚੇਤਨ ਦੇ ਨਾਲ-ਨਾਲ ਪਿਆਰ-ਅਨੁਭਵ ਨੂੰ ਬੜੀ ਸ਼ਿੱਦਤ ਨਾਲ ਅਭਿਵਿਅਕਤ ਕਰਨ ਲੱਗਦਾ ਹੈ। ਕੁਝ ਮਿਸਾਲਾਂ ਪੇਸ਼ ਹਨ :

— **ਅਸਾਡੇ ਖ਼ੂਨ 'ਚੋਂ ਕਰਕੇ ਕਸ਼ੀਦ ਸਭ ਖੁਸ਼ੀਆਂ।**
ਅਸਾਡੇ ਸ਼ਹਿਰ 'ਚ ਹੀ ਵੇਚਦਾ ਕਲਾਲ ਰਿਹਾ।

— **ਕਿਤਾਬਾਂ 'ਚ ਜਿਹੜੀ ਮੁਹੱਬਤ ਪੜ੍ਹੀ ਸੀ,**
ਉਹ ਜੀਵਨ 'ਚ ਆਈ ਨਾ ਤੇਰੇ ਨਾ ਮੇਰੇ।

— **ਕਦੇ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ,**
ਐਵੇਂ ਲੰਘ ਜਾਨੈਂ ਪਾਣੀ ਕਦੇ ਵਾ ਬਣ ਕੇ।

— **ਬਲਦਾ ਬਿਰਖ ਹਾਂ, ਖਤਮ ਹਾਂ ਬੱਸ ਸ਼ਾਮ ਤੀਕ ਹਾਂ।**
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ।

ਆਪਣੀਆਂ ਇਨ੍ਹਾਂ ਗ਼ਜ਼ਲਾਂ ਰਾਹੀਂ ਸੁਰਜੀਤ ਪਾਤਰ ਪੰਜਾਬੀ ਗ਼ਜ਼ਲ ਨੂੰ ਇੱਕ ਨਵਾਂ ਮੋੜ ਦਿੰਦਾ ਹੈ। ਉਹ ਗਜ਼ਲ ਦੇ ਕੱਟੜ, ਰੂਪਗਤ ਬੰਧੇਜ ਤੋਂ ਮੁਕਤ ਹੋਣ ਅਤੇ ਸ਼ਿੱਦਤ ਭਰੇ ਅਹਿਸਾਸਾਂ ਦੀ ਪੈਰਵੀ ਕਰਨ ਰਾਹੀਂ ਇੱਕ ਨਵੇਂ ਸੰਵਾਦ ਲਈ ਰਾਹ ਪੱਧਰਾ ਕਰਦਾ ਹੈ। ਇਸ ਪ੍ਰਸੰਗ ਵਿੱਚ ਉਸਦਾ ਇਹ ਸ਼ਿਆਰ ਅਤੀ ਚਰਚਿਤ ਰਿਹਾ ਹੈ :

**ਅਸੀਂ ਤਾਂ ਡੁੱਬ ਕੇ ਸਦਾ ਖ਼ੂਨ ਵਿੱਚ ਲਿਖੀ ਏ ਗ਼ਜ਼ਲ,**
**ਹੋਰ ਹੋਣਗੇ ਲਿਖਦੇ ਨੇ ਜਿਹੜੇ ਬਹਿਰ ਅੰਦਰ।**

ਆਪਣੇ ਇਸ ਗ਼ਜ਼ਲ-ਸੰਗ੍ਰਹਿ ਨਾਲ ਪਾਤਰ ਸਥਾਪਤੀ ਦੀ ਸਿਖ਼ਰ ਉਤੇ ਪਹੁੰਚ ਜਾਂਦਾ ਹੈ।

ਸਾਲ 1992 ਵਿੱਚ ਉਸਦੇ ਦੋ ਕਾਵਿ-ਸੰਗ੍ਰਹਿ 'ਬਿਰਖ਼ ਅਰਜ਼ ਕਰੇ' ਅਤੇ 'ਹਨੇਰੇ 'ਚ ਸੁਲਘਦੀ ਵਰਣਮਾਲਾ' ਛਪਦੇ ਹਨ। ਇਨ੍ਹਾਂ ਵਿੱਚ ਉਹ ਨਜ਼ਮਾਂ, ਗ਼ਜ਼ਲਾਂ ਅਤੇ ਗੀਤਾਂ ਨੂੰ ਸਾਂਝੇ ਰੂਪ 'ਚ ਛਾਪਦਾ ਹੈ।

ਇਨ੍ਹਾਂ ਕਾਵਿ-ਸੰਗ੍ਰਿਹਾਂ ਰਾਹੀਂ ਪੇਸ਼ ਕੀਤੇ ਹੋਏ ਅਨੁਭਵ ਉੱਤੇ ਪੰਜਾਬ ਸੰਕਟ ਦੀ ਛਾਪ ਬਹੁਤ ਡੂੰਘੀ ਹੈ। ਬਹੁਤ ਸਾਰੇ ਪ੍ਰਤੱਖ ਵੇਰਵਿਆਂ ਦੇ ਨਾਲ-ਨਾਲ ਅਸਿੱਧੇ ਤੌਰ ਤੇ ਪੰਜਾਬ ਸੰਕਟ ਦਾ ਪ੍ਰਭਾਵ ਰਚਨਾਵਾਂ ਦੀ ਪਿੱਠਭੂਮੀ ਵਿੱਚ ਵਿਆਪਕ ਰੂਪ 'ਚ ਮਿਲਦਾ ਹੈ। 'ਧੁਖਦਾ ਜੰਗਲ' ਅਤੇ 'ਨਜ਼ਰ' ਵਰਗੀਆਂ ਰਚਨਾਵਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲਾ, ਚੌਰਾਸੀ ਵਾਲੇ ਦਿੱਲੀ ਦੰਗੇ, ਪੰਜਾਬ ਵਿੱਚ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਅਤੇ ਪੁਲਿਸ ਦੀ ਦਹਿਸ਼ਤ ਦੇ ਵੇਰਵਿਆਂ ਨੂੰ 1947 ਦੇ ਦੁਖਾਂਤ ਦੀ ਪਿੱਠਭੂਮੀ ਸਮੇਤ ਚਿਤਰਿਆ ਗਿਆ ਹੈ। ਮਿਸਾਲ ਵਜੋਂ ਚੌਰਾਸੀ ਦੇ ਦੰਗਿਆਂ ਵੱਲ ਇਸ਼ਾਰਾ ਇਉਂ ਕੀਤਾ ਗਿਆ ਹੈ :

ਜਿੱਥੋਂ ਤੱਕ ਛਾਂ ਤਖ਼ਤ ਦੀ,
ਅੱਗਾਂ ਹੀ ਅੱਗਾਂ
ਚੌਕ ਚੁਰਾਹੇ ਸੜਦੀਆਂ
ਪੱਗਾਂ ਹੀ ਪੱਗਾਂ

ਇਨ੍ਹਾਂ ਰਚਨਾਵਾਂ ਰਾਹੀਂ ਸੁਰਜੀਤ ਪਾਤਰ ਪੰਜਾਬ ਸੰਕਟ ਦਾ ਬਹੁਤ ਨਿਆਏ-ਯੁਕਤ ਅਤੇ ਸੰਤੁਲਿਤ ਨਜ਼ਰੀਏ ਰਾਹੀਂ ਕਾਵਿ-ਵਿਵੇਕ ਸਿਰਜਦਾ ਹੈ।

2000 ਵਿੱਚ ਸੁਰਜੀਤ ਪਾਤਰ ਦਾ ਕਾਵਿ-ਸੰਗ੍ਰਿਹ **'ਲਫ਼ਜ਼ਾਂ ਦੀ ਦਰਗਾਹ'** ਪ੍ਰਕਾਸ਼ਿਤ ਹੋਇਆ ਹੈ। ਇਨ੍ਹਾਂ ਵਿੱਚ ਵੀ ਉਹ ਨਜ਼ਮਾਂ, ਗਜ਼ਲਾਂ ਅਤੇ ਗੀਤ ਸਾਂਝੇ ਰੂਪ 'ਚ ਹੀ ਸ਼ਾਮਿਲ ਕਰਦਾ ਹੈ। ਉਸ ਦੀ ਕਵਿਤਾ ਵਿਚਲੀ ਆਤਮ-ਬੋਧ ਦੀ ਅਸਤਿਤਵੀ ਸੁਰ ਜਿਹੜੀ ਮੁੱਢਲੀਆਂ ਕਵਿਤਾਵਾਂ ਤੋਂ ਲੈ ਕੇ ਹੀ ਉਸਦੇ ਅੰਗ-ਸੰਗ ਵਿਚਰਦੀ ਦ੍ਰਿਸ਼ਟੀਗਤ ਹੁੰਦੀ ਹੈ, ਇਸ ਸੰਗ੍ਰਿਹ ਰਾਹੀਂ ਬੜੀ ਸ਼ਿੱਦਤ ਨਾਲ ਅਗਰਭੂਮਿਤ ਹੁੰਦੀ ਹੈ। ਉਹ ਇਨ੍ਹਾਂ ਸਤਰਾਂ ਨਾਲ ਕਵਿਤਾ ਦਾ ਆਗਾਜ਼ ਕਰਦਾ ਹੈ :

ਸੰਤਾਪ ਨੂੰ ਗੀਤ ਬਣਾ ਲੈਣਾ,
ਮੇਰੀ ਮੁਕਤੀ ਦਾ ਇਕ ਰਾਹ ਤਾਂ ਹੈ,
ਜੇ ਹੋਰ ਨਹੀਂ ਹੈ ਦਰ ਕੋਈ
ਇਹ ਲਫ਼ਜ਼ਾਂ ਦੀ ਦਰਗਾਹ ਤਾਂ ਹੈ

ਇਸ ਪ੍ਰਕਾਰ ਉਹ ਸੁਰਜ਼ਮੀਨ ਤੱਕ ਪਹੁੰਚਦਿਆਂ ਲਫਜ਼ਾਂ ਦੀ ਓਟ ਲੈ ਕੇ ਆਤਮ-ਬੋਧ ਦੇ ਰਾਹ ਪੈਂਦਾ ਹੈ। ਅਜੋਕੀਆਂ ਕਠੋਰ ਪਰਿਸਥਿਤੀਆਂ ਵਿੱਚ ਇੱਕ ਸੰਵੇਦਨਸ਼ੀਲ ਵਿਅਕਤੀ ਦੀ ਮਾਨਸਿਕ ਪੀੜਾ ਨੂੰ ਪਾਤਰ ਅਨੇਕਾਂ ਕੋਣਾਂ ਤੋਂ ਵੇਖਦਾ ਅਤੇ ਵਾਚਦਾ ਹੈ। ਇਨ੍ਹਾਂ ਰਚਨਾਵਾਂ ਵਿੱਚ ਸਹਿਮ, ਚਿੰਤਾ, ਦੁਬਿਧਾ, ਹੁਲਾਸ, ਆਦਰਸ਼, ਵੈਰਾਗ ਅਤੇ ਸਵੈ-ਮੰਥਨ ਦੇ ਅਨੇਕਾਂ ਰੰਗ ਆਪਸ ਵਿੱਚ ਘੁਲੇ ਮਿਲੇ ਨਜ਼ਰ ਆਉਂਦੇ ਹਨ।

ਸੁਰਜੀਤ ਪਾਤਰ ਦਾ ਇਹ ਕਾਵਿ-ਸਫ਼ਰ ਭਲੀ-ਭਾਂਤ ਸਪੱਸ਼ਟ ਕਰ ਦਿੰਦਾ ਹੈ ਕਿ ਉਹ ਸਮਕਾਲੀਨ ਯਥਾਰਥ-ਬੋਧ ਦਾ ਪ੍ਰਮਾਣਿਕ ਸ਼ਾਇਰ ਹੈ। ਪਰਿਵਰਤਨਸ਼ੀਲ ਯਥਾਰਥ ਨੂੰ ਉਸਨੇ ਬਹੁਤ ਡੂੰਘਾਈਆਂ ਵਿੱਚ ਜਾ ਕੇ ਪਕੜਨ ਦਾ ਸਫਲ ਯਤਨ ਕੀਤਾ ਹੈ।

ਸੁਰਜੀਤ ਪਾਤਰ ਇੱਕ ਦਾਰਸ਼ਨਿਕ ਸੁਰ ਵਾਲਾ ਗੰਭੀਰ ਕਵੀ ਹੈ। ਇਸ ਲਈ ਉਸਦੀ ਕਵਿਤਾ ਦੇ ਅਰਥ ਸਤਹਾ ਉੱਤੇ ਪਏ ਨਹੀਂ ਮਿਲਦੇ ਸਗੋਂ ਅਰਥਾਂ ਦੀਆਂ ਕਈ ਪਰਤਾਂ ਹੁੰਦੀਆਂ ਹਨ। ਇਸ ਲਈ ਉਸਦੀ ਕਵਿਤਾ ਨੂੰ ਪੂਰੀ ਡੂੰਘਾਈ ਵਿੱਚ ਸਮਝਣ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਉਸਦੀ ਕਾਵਿ-ਪ੍ਰਕਿਰਿਆ ਨੂੰ ਵਾਚਿਆ ਜਾਵੇ। ਉਹ ਖੁਦ ਕਵਿਤਾ ਬਾਰੇ ਕੀ ਸੋਚਦਾ ਹੈ? ਸਮਾਜਕ ਯਥਾਰਥ ਪ੍ਰਤੀ ਉਸਦਾ ਨਜ਼ਰੀਆ ਕੀ ਹੈ? ਉਹ ਯਥਾਰਥ ਨੂੰ ਕਿਵੇਂ ਗ੍ਰਹਿਣ ਕਰਦਾ ਹੈ ਅਤੇ ਫਿਰ ਕਾਵਿ-ਬਿੰਬ 'ਚ ਕਿਵੇਂ ਢਾਲਦਾ ਹੈ ? ਆਦਿ ਪ੍ਰਸ਼ਨਾਂ ਦੇ ਉੱਤਰਾਂ ਰਾਹੀਂ ਸੁਰਜੀਤ ਪਾਤਰ ਦੀ ਕਾਵਿ-ਰਚਨਾ ਵਿੱਚ ਦਾਖਲ ਹੋਣ ਦਾ ਰਸਤਾ ਖੁੱਲ੍ਹ ਸਕਦਾ ਹੈ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਕਵੀ ਦੇ ਸਵੈ-ਕਥਨਾਂ, ਆਲੋਚਕਾਂ ਦੇ ਵਿਚਾਰਾਂ ਅਤੇ ਕੁਝ ਕਾਵਿ-ਹਵਾਲਿਆਂ ਦੀ ਮਦਦ ਨਾਲ ਖੋਜੇ ਜਾ ਸਕਦੇ ਹਨ।

ਸੁਰਜੀਤ ਪਾਤਰ ਇੱਕ ਚੇਤੰਨ ਸ਼ਾਇਰ ਹੈ। ਇਸ ਕਰਕੇ ਉਹ ਕਵਿਤਾ ਦੇ ਸਮਾਜਿਕ-ਰਾਜਨੀਤਿਕ ਸਰੋਕਾਰਾਂ ਤੋਂ ਭਲੀ-ਭਾਂਤ ਵਾਕਫ਼ ਹੈ ਪਰੰਤੂ ਅਜਿਹੀ ਪ੍ਰਯੋਜਨ ਸਿੱਧੀ ਲਈ ਉਹ ਕਵਿਤਾ ਦੇ ਕਾਵਿਪਣ ਦਾ ਘਾਣ ਨਹੀਂ ਕਰਦਾ। ਉਸ ਦੇ ਉੱਤਮ ਕਵੀ ਹੋਣ ਦੀ ਇਹ ਸਭ ਤੋਂ ਪਹਿਲੀ ਨਿਸ਼ਾਨੀਹੈ। ਸੰਵੇਦਨਸ਼ੀਲਤਾ, ਦਾਰਸ਼ਨਿਕ ਛੋਹਾਂ, ਸੱਜਰੇ ਅਛੋਹ ਬਿੰਬ ਅਤੇ ਵੈਰਾਗ ਦੀ ਸ਼ਿੱਦਤ ਆਦਿ ਕੁਝ ਅਜਿਹੇ ਲੱਛਣ ਹਨ ਜਿਨ੍ਹਾਂ ਦੇ ਢੁੱਕਵੇਂ ਸੁਮੇਲ ਨਾਲ ਸੁਰਜੀਤ ਪਾਤਰ ਦੀ ਕਾਵਿ-ਰਚਨਾ ਹਰੇਕ ਵਰਗ ਦੇ ਪਾਠਕਾਂ ਨੂੰ ਟੁੰਬਦੀ ਹੈ।

ਸੰਵੇਦਨਸ਼ੀਲਤਾ ਸੁਰਜੀਤ ਪਾਤਰ ਦੇ ਵਿਅਕਤਿਤਵ ਦਾ ਇੱਕ ਅਮੁੱਲਾ ਗਹਿਣਾ ਹੈ। ਇਸ ਸਦਕਾ ਹੀ ਉਹ ਵਸਤੂ-ਯਥਾਰਥ ਦੀਆਂ ਮਹੀਨ ਤੋਂ ਮਹੀਨ ਪਰਤਾਂ ਨੂੰ ਵੀ ਭਾਂਪ ਲੈਂਦਾ ਹੈ। ਉਸਦੇ ਸੂਖਮ-ਚਿੱਤ ਉੱਤੇ ਸੰਸਾਰ ਦਾ ਹਰ ਹਾਦਸਾ ਕੰਪਨ ਪੈਦਾ ਕਰਦਾ ਹੈ ਜੋ ਅੰਤ ਨੂੰ ਕਾਵਿ-ਜਾਮੇ ਰਾਹੀਂ ਮੂਰਤੀਮਾਨ ਹੋ ਜਾਂਦਾ ਹੈ। ਉਸਦਾ ਕਥਨ ਹੈ :

> ਅਸਲ ਵਿੱਚ ਕਵਿਤਾ ਤੁਹਾਡੇ ਸਮੁੱਚੇ ਆਪੇ ਦੀ ਆਵਾਜ਼ ਹੁੰਦੀ ਹੈ। ਇਸ ਵਿੱਚ ਤੁਹਾਡੀ ਰਾਜਨੀਤੀ, ਤੁਹਾਡਾ ਪਿਆਰ, ਤੁਹਾਡੀਆਂ ਆਸਾਂ, ਖੌਫ਼, ਤੁਹਾਡਾ ਚਾਨਣ ਤੇ ਹਨ੍ਹੇਰਾ ਸਭ ਕੁਝ ਸ਼ਾਮਿਲ ਹੁੰਦਾ ਹੈ। ......ਕਿਉਂਕਿ ਸਾਡਾ ਮਨ ਕੋਈ ਦੁਨੀਆਂ ਤੋਂ ਟੁੱਟੀ ਹੋਈ ਚੀਜ਼ ਨਹੀਂ। ਇਸ ਲਈ ਇਸ ਦੀ ਆਵਾਜ਼ ਸੁਣਦਿਆਂ ਅਸੀਂ ਅਨੇਕਾਂ ਆਵਾਜ਼ਾਂ ਸੁਣਦੇ ਹਾਂ, ਅਨੇਕਾਂ ਦ੍ਰਿਸ਼, ਕਾਲ ਖੰਡ, ਚੰਦ-ਤਾਰੇ, ਚੁਲ੍ਹੇ ਤੇ ਰੋਟੀਆਂ ਪਕਾਉਂਦੀ ਮਾਂ, ਕਰੋੜਾਂ ਭੁੱਖੇ ਮਰਦੇ ਲੋਕ, ਕੋਈ ਵੀ ਹਾਦਸਾ ਜੋ ਕਵਿਤਾ ਤੋਂ ਪਹਿਲਾਂ ਤੁਹਾਡੇ ਆਪਣੇ ਮਨ ਦੀ ਕੰਪਨ ਨਹੀਂ ਬਣਦਾ, ਉਸ ਦੀ ਕਵਿਤਾ ਜਾਅਲੀ ਹੋਵੇਗੀ।[10]

ਇਸ ਪ੍ਰਕਾਰ ਸੁਰਜੀਤ ਪਾਤਰ ਦੀ ਨਿੱਜੀ ਆਵਾਜ਼ ਅਤੇ ਸਮੂਹਕ ਸਮਾਜਕ ਸੱਚ ਉਸਦੀ ਰਚਨਾ-ਦ੍ਰਿਸ਼ਟੀ ਵਿੱਚ ਇਕਸੁਰ ਹੋ ਕੇ ਚੱਲਦੇ ਹਨ। ਇਹ ਗੱਲ ਉਸ ਦੀ ਵਿਲੱਖਣਤਾ ਨੂੰ ਨਿਰਧਾਰਤ ਕਰਦੀ ਹੈ। ਸੁਰਜੀਤ ਪਾਤਰ ਦੀ ਪੂਰਵਕਾਲੀ ਅਤੇ ਸਮਕਾਲੀ ਕਵਿਤਾ ਦੀਆਂ ਦੋ ਉਭਰਦੀਆਂ ਕਾਵਿ-ਲਹਿਰਾਂ ਪ੍ਰਗਤੀਵਾਦੀ ਕਾਵਿ ਅਤੇ ਪ੍ਰਯੋਗਵਾਦੀ ਕਾਵਿ ਵਿੱਚ ਕਦੇ ਸਮੂਹਕ ਅਤੇ ਕਦੇ ਨਿੱਜੀ ਆਵਾਜ਼ ਨੂੰ ਪ੍ਰਮੁੱਖਤਾ ਦੇਣ ਦੀਆਂ ਮਿਸਾਲਾਂ ਆਮ ਮਿਲ ਜਾਂਦੀਆਂ ਹਨ। ਜੇ ਪ੍ਰਗਤੀਵਾਦੀ ਕਾਵਿ ਵਿੱਚ ਨਿੱਜੀ ਸੱਚ ਦੀ ਅਣਦੇਖੀ ਹੁੰਦੀ ਰਹੀ ਹੈ ਤਾਂ ਪ੍ਰਯੋਗਵਾਦੀ ਕਾਵਿ ਲਹਿਰ ਵਿੱਚ ਸਮੂਹਕ ਸੋਚ ਨੂੰ ਦੁਜੈਲਾ ਸਥਾਨ ਮਿਲਦਾ ਰਿਹਾ ਹੈ। ਸੁਰਜੀਤ ਪਾਤਰ ਦੀ ਨਿੱਜੀ ਜਾਪਦੀ ਆਵਾਜ਼ ਵੀ ਇਸੇ ਕਰਕੇ ਆਪਣੇ ਅੰਦਰ ਸਮੂਹਿਕ ਅਨੁਭਵ ਨੂੰ ਸਮੋਈ ਬੈਠੀ ਮਿਲਦੀ ਹੈ। ਇਸ ਲਈ ਪਾਤਰ ਦੇ ਅਵਚੇਤਨ ਰਾਹੀਂ ਸਮੁੱਚਾ ਬ੍ਰਹਿਮੰਡ ਸਾਕਾਰ ਹੁੰਦਾ ਨਜ਼ਰ ਆਉਂਦਾ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ :

> ਮੇਰੀ ਬਹੁਤੀ ਕਵਿਤਾ ਆਤਮਿਕ ਯੁੱਧ ਹੀ ਹੈ। ਮੇਰੀ ਅੰਦਰਲੀ ਸੰਸਕ੍ਰਿਤੀ ਤੇ ਪ੍ਰਕਿਰਤੀ ਦਾ, ਮੇਰੇ ਆਦਰਸ਼ ਤੇ ਹਕੀਕਤ ਦਾ, ਸਦਾਚਾਰਕ ਮੁੱਲਾਂ ਦਾ, ਮੇ ਰੀਆਂ ਰੀਝਾਂ ਦਾ ਤੇ ਮੇਰੀ ਔਕਾਤ ਦਾ, ਮੇਰੀ ਹੀਣਤਾ ਤੇ ਤੁਹਾਡੇ ਵਡੱਪਣ ਦਾ, ਮੈਂ ਕਿੱਥੇ ਬੈਠਾਂ ਹਾਂ ਤੇ ਕਿੱਥੇ ਮੇਰੀ ਉਡੀਕ ਹੋ ਰਹੀ ਹੈ, ਸੱਚਮੁੱਚ ਮੈਂ ਇਸ ਯੁੱਧ ਤੋਂ ਪਾਰ ਨਹੀਂ ਜਾ ਸਕਿਆ।[11]

ਸੁਰਜੀਤ ਪਾਤਰ ਦੇ ਰਚਨਾ-ਕਾਲ ਦਾ ਮੁੱਢਲਾ ਸਮਾਂ ਵਿਸ਼ੇਸ਼ ਤੌਰ ਤੇ ਕਾਵਿ-ਲਹਿਰਾਂ ਦੀ ਚੜ੍ਹਤ ਦਾ

---

10. ਪਾਤਰ ਨਾਲ ਡਾ. ਵਨੀਤਾ ਦੀ ਮੁਲਾਕਾਤ ਵਿਚੋਂ, ਡਾ, ਸਤਿੰਦਰ ਸਿੰਘ ਨੂਰ ਅਤੇ ਡਾ. ਵਨੀਤਾ, ਸੰਪਾ., ਉਹੀ ਰਚਨਾ, ਪੰਨਾ 46
11. ਉਹੀ ਰਚਨਾ

ਸਮਾਂ ਰਿਹਾ। ਪ੍ਰਯੋਗਵਾਦੀ ਕਾਵਿ-ਲਹਿਰ ਅਤੇ ਜੁਝਾਰਵਾਦੀ ਕਾਵਿ-ਲਹਿਰ ਇਸ ਪ੍ਰਸੰਗ ਵਿੱਚ ਉਲੇਖਯੋਗ ਹਨ। ਪਰ ਪਾਤਰ ਇਨ੍ਹਾਂ ਦੋਹਾਂ ਪਰਸਪਰ ਵਿਰੋਧੀ ਲਹਿਰਾਂ ਦਾ ਸਿਰਫ ਉਨਾ ਕੁ ਦਖ਼ਲ ਹੀ ਸਵੀਕਾਰ ਕਰਦਾ ਹੈ ਜਿੰਨਾ ਕੁ ਉਸਦੀ ਆਪਣੀ ਵਿਚਾਰਧਾਰਾ ਦੇ ਅਨੁਕੂਲ ਹੈ। ਇਸ ਤਰ੍ਹਾਂ ਉਹ ਇੱਕ ਪਾਸੇ ਤਾਂ ਲਹਿਰਾਂ ਦੇ ਹੜ੍ਹ ਵਿੱਚ ਰੁੜ੍ਹਨ ਤੋਂ ਬਚਿਆ ਰਹਿੰਦਾ ਹੈ ਅਤੇ ਦੂਜੇ ਪਾਸੇ ਸਮਕਾਲੀ ਲਹਿਰਾਂ ਦੇ ਸਕਾਰਕ ਤੱਤਾਂ ਨੂੰ ਆਤਮਸਾਤ ਕਰਕੇ ਆਪਣੀ ਕਾਵਿ-ਸਮਰੱਥਾ ਨੂੰ ਡੂੰਘਾਈਆਂ ਦੇਣ ਵਿੱਚ ਸਫ਼ਲ ਹੁੰਦਾ ਹੈ। ਆਪਣੀ ਇਸ ਵਿਲੱਖਣਤਾ ਦਾ ਉਲੇਖ ਉਹ ਨਿਮਨਲਿਖਿਤ ਸ਼ਬਦਾਂ ਵਿੱਚ ਕਰਦਾ ਹੈ :

> .......ਮੈਂ (ਲਹਿਰਾਂ ਤੋਂ), ਏਨਾ ਅਣਭਿੱਜ ਵੀ ਨਹੀਂ ਰਿਹਾ। ਮੈਂ ਉਹਨਾਂ ਬਾਰੇ ਸੋਚਦਾ ਪੜ੍ਹਦਾ ਰਿਹਾ ਹਾਂ ਪਰ ਮੇਰੀ ਕਵਿਤਾ ਬਹੁਤੀ ਮੇਰੇ ਵੀ ਵੱਸ ਨਹੀਂ ਸੀ, ਉਹ ਸਾਹਿਤਕ ਲਹਿਰਾਂ ਤੋਂ ਵੱਧ ਮੇਰੀਆਂ ਆਤਮਿਕ-ਮਾਨਸਿਕ ਲਹਿਰਾਂ ਤੋਂ ਪ੍ਰਭਾਵਿਤ ਹੁੰਦੀ ਸੀ। ਕਵੀ ਵਾਰ ਤਾਂ ਇਉਂ ਹੋਇਆ ਕਿ ਮੇਰਾ ਤਾਰਕਿਕ ਆਪਾ ਕਿਸੇ ਹੋਰ ਰੂਪ ਨਾਲ ਜੁੜਿਆ ਹੋਇਆ ਸੀ ਪਰ ਮੇਰਾ ਸਮੁੱਚਾ ਆਪਾ ਆਪਣੇ ਅਵਚੇਤਨ ਕਾਰਨ ਕੋਈ ਹੋਰ ਰੂਪ ਸਿਰਜ ਰਿਹਾ ਸੀ।[12]

ਸੁਰਜੀਤ ਪਾਤਰ ਇਸ ਗੱਲੋਂ ਸੁਚੇਤ ਹੈ ਕਿ ਵਕਤੀ ਲਹਿਰਾਂ ਜਾਂ ਰਾਜਸੀ ਪਾਰਟੀਆਂ ਦਾ ਮਹਿਜ ਧੁਤੂ ਬਣਕੇ ਕਵੀ ਆਪਣੇ-ਆਪ ਨੂੰ ਸੀਮਤ ਕਰ ਲਵੇਗਾ। ਇਸ ਕਰਕੇ ਉਹ ਆਪਣੀ ਪ੍ਰਤੀਬੱਧਤਾ ਨੂੰ ਵਿਸਤ੍ਰਿਤ ਅਰਥਾਂ ਦਾ ਧਾਰਨੀ ਬਣਾਉਂਦਾ ਹੈ। ਪਾਤਰ ਦੇ ਸ਼ਬਦਾਂ ਵਿੱਚ :

> ''ਕਵੀ ਕਦੇ ਵੀ ਵਿਚਾਰਧਾਰਾ ਨਾਲ ਪ੍ਰਤੀਬੱਧ ਨਹੀਂ ਹੁੰਦਾ। ਉਸਦੀ ਪ੍ਰਤੀਬੱਧਤਾ ਮਨੁੱਖਤਾ ਨਾਲ ਹੁੰਦੀ ਹੈ, ਨਿਆਂ, ਸੁੰਦਰਤਾ, ਸੱਚਾਈ ਨਾਲ ਹੁੰਦੀ ਹੈ। ਵਿਚਾਰਧਾਰਾਵਾਂ ਬਦਲਦੀਆਂ ਰਹਿੰਦੀਆਂ ਹਨ ਪਰ ਸਿਰਜਣਾਤਮਕ ਸਰੋਕਾਰ ਇਨ੍ਹਾਂ ਤੋਂ ਮੁਕਤ ਰਹਿੰਦੇ ਹਨ।''[13]

ਸੁਰਜੀਤ ਪਾਤਰ ਦੀ ਇਹ ਵਿਲੱਖਣਤਾ ਹੈ ਕਿ ਉਹ ਕਿਸੇ ਵੀ ਵਾਦ ਜਾਂ ਫ਼ਲਸਫ਼ੇ ਦਾ ਕੱਟੜ ਸਮਰੱਥਕ ਨਹੀਂ ਬਣਿਆ ਪਰੰਤੂ ਆਪਣੇ ਪੂਰਵਕਾਲੀ ਅਤੇ ਸਮਕਾਲੀ ਚਿੰਤਨ ਦੀਆਂ ਅਨੇਕਾਂ ਸੁਰਾਂ ਨੂੰ ਉਸਨੇ ਆਪਣੇ ਵਿਅਕਤਿਤਵ ਦਾ ਸਹਿਜ ਅੰਗ ਬਣਾਇਆ ਹੈ। ਪੁਸਤਕੀ-ਗਿਆਨ ਅਤੇ ਜੀਵਨ-ਅਨੁਭਵ ਵਿੱਚੋਂ ਉਸਨੇ ਜੋ ਵੀ ਗ੍ਰਹਿਣ ਕੀਤਾ ਹੈ, ਉਸ ਨੂੰ ਆਪਣੀ ਕਾਵਿ-ਚੇਤਨਾ ਵਿੱਚ ਸਮਾਉਣ ਦਾ ਯਤਨ ਕੀਤਾ ਹੈ। ਉਸ ਦਾ ਕਥਨ ਹੈ :

> ਫ਼ਲਸਫ਼ਾ ਪੜ੍ਹਨ ਵਾਂਗ ਮੈਂ ਸਿਰਫ਼ ਸਾਰਤਰ ਪੜ੍ਹਿਆ ਹੈ। ਇਹ ਵੀ ਬਹੁਤ ਪੁਰਾਣੀ ਗੱਲ ਹੈ। 1970-71 ਦੀ ਮੈਂ ਪੰਜਾਬੀ ਨਾਟਕ ਵਿੱਚ ਅਸਤਿਤਵਵਾਦੀ ਸਥਿਤੀਆਂ ਦੇ ਵਿਸ਼ੇ ਤੇ ਕੰਮ ਕਰ ਰਿਹਾ ਸਾਂ। ਮੈਨੂੰ ਸਾਰਤਰ ਦੀ ਵਾਰਤਕ, ਨਾਟਕਾਂ, ਕਹਾਣੀਆਂ, ਨਾਵਲਾਂ ਨੇ ਬਹੁਤ ਬੇਚੈਨ ਕਰ ਦਿੱਤਾ। ਮੇਰੇ ਪੈਰਾਂ ਹੇਠ ਅੱਗ ਬਾਲ ਦਿੱਤੀ। ਦਰੱਖਤਾਂ ਦੀਆਂ ਛਾਵਾਂ ਵੀ ਬਲਦੀਆਂ ਲੱਗੀਆਂ। ਇਹ ਮੇਰੇ ਲਈ ਵਿਯੋਗ ਪੈਦਾ ਕਰਨ ਵਾਲਾ ਅਨੁਭਵ ਸੀ, ਜਿਵੇਂ ਕੋਈ ਬੰਦੇ ਤੇ ਕੁਦਰਤ ਨੂੰ ਬੁਰੀ ਤਰ੍ਹਾਂ ਇੱਕ-ਦੂਜੇ ਤੋਂ ਤੋੜ ਰਿਹਾ ਹੋਵੇ। ਇਹ ਮੇਰੇ ਲਈ ਸਿਕਨਿੰਗ ਜਿਹਾ ਅਨੁਭਵ ਸੀ। .....ਹਿੰਦੂ ਮੱਤ ਤੇ ਬੁੱਧ ਮੱਤ ਦਾ ਸਹਿਜ ਪਾਠਕ ਹਾਂ। ਗੁਰੂ ਨਾਨਕ ਬਾਣੀ ਇੱਕੋ ਵੇਲੇ ਸੰਯੋਗ ਤੇ ਵਿਯੋਗ ਦਾ ਅਨੁਭਵ ਦੇਂਦੀ ਹੈ। ਉਸ ਤੋਂ ਬਹੁਤ ਵਾਰੀ ਸਹਾਰਾ ਤੇ ਰੋਸ਼ਨੀ ਭਾਲਦਾ ਹਾਂ। ਇਹ ਦੁਨੀਆਂ ਨੂੰ ਇਹ ਬਾਣੀ ਮਹਾਨ ਰਹੱਸਮਈ ਲੀਲ੍ਹਾ ਵਾਂਗ ਦੇਖਦੀ ਹੈ। ਇਸ ਵਿੱਚ ਹਰ ਚੀਜ਼ ਨਾਲ ਇੱਕ ਕਾਵਿਮਈ ਤੇ ਤਾਰਕਿਕ ਰਿਸ਼ਤਾ ਬਣਦਾ ਹੈ।

---

12. ਉਹੀ ਪੰਨਾ 52
13. ਨਿੰਤ ਕੰਮੀ ਤੱਤੀਆਂ ਹਵਾਵਾਂ ਦੇ ਸਮਿਆਂ ਦਾ ਸ਼ਾਇਰ, ਡਾ. ਸਤਿੰਦਰ ਨੂਰ ਅਤੇ ਡਾ. ਵਨੀਤਾ, ਉਹੀ ਰਚਨਾ, ਪੰਨਾ 179

> ਸਾਡਾ ਰਸਤਾ ਇਸ ਬਾਣੀ ਨੂੰ ਆਤਮਸਾਂਤ ਕਰਨ ਤੇ ਇਸ ਨਾਲ ਸੰਵਾਦ 'ਚੋਂ ਹੀ ਫੁੱਟ ਸਕਦਾ ਹੈ। ਸੰਵਾਦ ਤੋਂ ਮੇਰਾ ਭਾਵ ਹੈ, ਇਸ ਦੀ ਲੋਏ ਆਪਾਣਾ ਚਾਨਣ ਤੇ ਆਪਣੇ ਸਵਾਲ ਤੌਖਲੇ ਇਸ ਕੋਲ ਲੈ ਕੇ ਜਾਣੇ ਤੇ ਉਨ੍ਹਾਂ ਦਾ ਸਮਾਧਾਨ ਟੋਲਣਾ।[14]

ਫ਼ਲਸਫ਼ਾ ਭਾਵੇਂ ਕਿਸੇ ਵੀ ਉੱਤਮ ਕਵੀ ਅਤੇ ਉਸਦੀ ਕਾਵਿ-ਰਚਨਾ ਦੀ ਮੂਲ ਟੇਕ ਬਣਦਾ ਹੈ ਪਰ ਕਵਿਤਾ ਮਹਿਜ ਕਿਸੇ ਫ਼ਲਸਫ਼ੇ ਦਾ ਸੰਚਾਰ-ਮਾਤਰ ਵੀ ਨਹੀਂ ਹੁੰਦੀ। ਸੁਰਜੀਤ ਪਾਤਰ ਕਾਵਿ-ਪ੍ਰਯੋਜਨ ਨੂੰ ਫ਼ਲਸਫ਼ੇ ਤੋਂ ਵੀ ਅਗਾਂਹ ਲੈ ਜਾਣ ਲਈ ਰੁਚਿਤ ਹੈ। ਉਸ ਅਨੁਸਾਰ :

> ਮੈਂ ਅਕਸਰ ਆਹਤ ਹੋ ਕੇ ਕਵਿਤਾ ਦੇ ਦੁਆਰੇ ਆਉਂਦਾ ਹਾਂ। ਇਹ ਮੇਰੀ ਦਰਗਾਹ ਹੈ, ਮੇਰੀ ਇਬਾਦਤਗਾਹ, ਸਾਹ ਲੈਣ ਲਈ ਬਾਰੀ ਹੈ, ਖੂਹ ਵਿੱਚ ਡਿੱਗੇ ਦਾ ਗੋਰਖ ਹੈ। ਮੈਂ ਸੋਚਦਾ ਹਾਂ ਜਿਸ ਤਰ੍ਹਾਂ ਦਰੱਖਤ ਕਾਰਬਨ ਡਾਇਆਕਸਾਈਡ ਨੂੰ ਆਕਸੀਜਨ ਵਿੱਚ ਬਦਲ ਦਿੰਦੇ ਹਨ, ਉਸੇ ਤਰ੍ਹਾਂ ਕਵਿਤਾ ਦੁੱਖ ਨੂੰ ਇੱਕ ਸੁਹਜਮਈ ਅਨੁਭਵ ਜਾਂ ਕਲਿਆਣਕਾਰੀ ਸੋਚ ਵਿੱਚ ਬਦਲ ਦਿੰਦੀ ਹੈ।[15]

ਸੁਰਜੀਤ ਪਾਤਰ ਜਿਵੇਂ ਆਪਣੀ ਕਾਵਿ-ਰਚਨਾ ਦੇ ਪ੍ਰੇਰਕ ਵਜੋਂ ਫ਼ਲਸਫ਼ੇ, ਜੀਵਨ ਅਨੁਭਵ ਅਤੇ ਸਮਕਾਲੀ ਕਾਵਿ-ਲਹਿਰਾਂ ਦੇ ਪ੍ਰਭਾਵਾਂ ਤੋਂ ਸੁਚੇਤ ਹੈ ਉਵੇਂ ਹੀ ਉਹ ਆਪਣੀ ਕਵਿਤਾ ਦੇ ਰੂਪ ਪੱਖ ਬਾਰੇ ਵੀ ਚੇਤੰਨ ਹੈ। ਉਸ ਦਾ ਕਥਨ ਹੈ :

> .......ਕਵਿਤਾ ਦੀ ਰਚਨਾ ਸਚੇਤ-ਅਚੇਤ ਤੇ ਮਿੱਸੇ ਰੰਗਾਂ ਵਿੱਚ ਹੁੰਦੀ ਹੈ। ਮੇਰੀ ਕਵਿਤਾ ਸਰੋਦੀ ਤੇ ਨਾਟਕੀ ਦੋ ਕਿਨਾਰਿਆਂ ਵਿਚ ਵਿਚਰਦੀ ਹੈ। ਮੇਰੀ ਕਾਵਿ-ਭਾਸ਼ਾ ਦਾ ਟੈਕਸਚਰ ਪ੍ਰਕਿਰਤੀ, ਸੰਸਕ੍ਰਿਤੀ ਤੇ ਮਾਨਵ-ਮਨ ਦੇ ਮਿਲਣ ਬਿੰਦੂ ਉੱਤੇ ਘੁਲਦੇ ਰੰਗਾਂ ਦਾ ਬਣਿਆ ਹੈ। ਇਹ ਸੁਖਮਤਾ ਤੇ ਤਰਲਤਾ ਨੂੰ ਕਾਇਮ ਰੱਖਦਿਆਂ ਉਸਦੇ ਕਈ ਪਹਿਲੂਆਂ ਨੂੰ ਸਥੂਲ ਸਥਾਨਕ ਬਿੰਬ ਦੇਣ ਦੀ ਕੋਸ਼ਿਸ਼ ਕਰਦਾ ਹਾਂ।[16]

ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਸੁਰਜੀਤ ਪਾਤਰ ਦੀ ਕਾਵਿ-ਰਚਨਾ ਦੇ ਅਧਿਐਨ ਲਈ ਭਾਵੇ ਂ ਬੁਨਿਆਦੀ ਸਮੱਗਰੀ ਉਸ ਦੁਆਰਾ ਸਿਰਜਤ ਟੈਕਸਟ ਹੀ ਹੈ ਪਰੰਤੂ ਇਸ ਵਿੱਚ ਦਾਖਲ ਹੋਣ ਲਈ ਕਵੀ ਦੇ ਵਿਅਕਤਿਤਵ ਦੀ ਸਮਝ ਵੀ ਕੁਝ ਸਹਾਈ ਹੋ ਸਕਦੀ ਹੈ। ਅਸਲ ਵਿੱਚ ਕੋਈ ਵੀ ਰਚਨਾ ਮੂਲੋਂ ਹੀ ਉਸਦੇ ਸਿਰਜਣਹਾਰ ਤੋਂ ਸੁਤੰਤਰ ਕਰਕੇ ਨਹੀਂ ਸਮਝੀ ਜਾ ਸਕਦੀ। ਰਚਨਾ ਦਾ ਸੰਦਰਭ ਉਸਦੇ ਸਿਰਜਣਹਾਰ ਅਤੇ ਸਮਕਾਲੀ ਚੁਣੌਤੀਆਂ ਨਾਲ ਬਹੁਤ ਅਟੁੱਟ ਰਿਸ਼ਤੇ ਵਿੱਚ ਬੱਝਿਆ ਹੁੰਦਾ ਹੈ। ਸੁਰਜੀਤ ਪਾਤਰ ਉਤੇ ਵੀ ਇਹ ਗੱਲ ਪੂਰੀ ਢੁੱਕਵੀਂ ਹੈ।

---

14. ਪਾਤਰ ਨਾਲ ਡਾ. ਵਨੀਤਾ ਦੀ ਮੁਲਾਕਾਤ ਵਿਚੋਂ, ਡਾ. ਸਤਿੰਦਰ ਨੂਰ ਅਤੇ ਡਾ. ਵਨੀਤਾ, ਉਹੀ ਰਚਨਾ, ਪੰਨਾ 48
15. ਉਹੀ ਰਚਨਾ, ਉਹੀ ਪੰਨਾ
16. ਉਹੀ, ਪੰਨਾ 46

**ਪਾਠ ਨੰ. 1.7** **ਲੇਖਕ : ਡਾ. ਬਲਦੇਵ ਸਿੰਘ**

## "ਸੁਰਜ਼ਮੀਨ" ਦਾ ਕਾਵਿ-ਵਸਤੂ

**ਭੂਮਿਕਾ :** ਪਿਛਲੇ ਪਾਠਾਂ ਰਾਹੀਂ ਤੁਸੀਂ ਕਵੀ ਸੁਰਜੀਤ ਪਾਤਰ ਦੇ ਜੀਵਨ ਅਤੇ ਕਾਵਿ-ਰਚਨਾ ਸੰਬੰਧੀ ਵਿਸਥਾਰਪੂਰਬਕ ਜਾਣਕਾਰੀ ਹਾਸਲ ਕਰ ਚੁੱਕੇ ਹਾਂ। ਇਹ ਪਾਠ ਤੁਹਾਡੇ ਪਾਠ-ਕ੍ਰਮ ਦੀ ਪੁਸਤਕ 'ਸੁਰਜ਼ਮੀਨ' ਦੇ ਕਾਵਿ-ਵਸਤੂ ਨਾਲ ਸੰਬੰਧਿਤ ਹੋਵੇਗਾ।

**ਮੰਤਵ :** ਕਿਸੇ ਵੀ ਰਚਨਾ ਦੇ ਪ੍ਰਮੁੱਖ ਤੌਰ 'ਤੇ ਦੋ ਪੱਖ ਹੁੰਦੇ ਹਨ, ਪਹਿਲਾ ਵਸਤੂ-ਪੱਖ ਅਤੇ ਦੂਜਾ ਰੂਪ ਪੱਖ। ਇਸ ਪਾਠ ਦਾ ਮੰਤਵ ਤੁਹਾਨੂੰ ਕਾਵਿ-ਪੁਸਤਕ 'ਸੁਰਜ਼ਮੀਨ' ਦੇ ਵਸਤੂ-ਪੱਖ ਬਾਰੇ ਜਾਣਕਾਰੀ ਪ੍ਰਾਪਤ ਕਰਵਾਉਣਾ ਹੈ। ਇਸ ਪਾਠ ਦੀ ਪੜ੍ਹਤ ਪਿੱਛੋਂ ਤੁਸੀਂ ਇਸ ਗੱਲ ਨੂੰ ਸਮਝਣ ਦੇ ਭਲੀ-ਭਾਂਤ ਸਮਰੱਥ ਹੋਵੋਗੇ ਕਿ ਇਸ ਕਾਵਿ-ਪੁਸਤਕ ਵਿਚ ਕਿਸ ਅਨੁਭਵ ਨੂੰ ਕੇਂਦਰੀ ਸਥਾਨ ਮਿਲਿਆ ਹੈ।

**ਰੂਪ-ਰੇਖਾ :** ਹਥਲੇ ਪਾਠ ਦੀ ਰੂਪ-ਰੇਖਾ ਨਿਮਨ ਲਿਖਿਤ ਅਨੁਸਾਰ ਹੋਵੇਗੀ:

1. 'ਸੁਰਜ਼ਮੀਨ' ਦਾ ਕੇਂਦਰੀ ਅਨੁਭਵ
   : ਪ੍ਰੇਮ-ਅਨੁਭਵ
   : ਮਾਨਵ ਪ੍ਰੇਮ, ਪ੍ਰਾਕ੍ਰਿਤੀ-ਪ੍ਰੇਮ
   : ਸਮਾਜ ਵਿਚਲੇ ਖੰਡਿਤ ਵਿਅਕਤੀ ਦੀ ਮਾਨਸਿਕਤਾ ਦਾ ਜ਼ਿਕਰ।
2. 'ਸੁਰਜ਼ਮੀਨ' ਦੇ ਦੂਜੈਲੇ ਅਨੁਭਵ
   : ਔਰਤ-ਮਰਦ ਦਾ ਪਿਆਰ ਅਨੁਭਵ
   : ਮੱਧਵਰਗੀ ਵਿਅਕਤੀਵਾਦ ਦੇ ਪਾਸਾਰ
   : ਰੋਮਾਂਸ ਅਤੇ ਭੂਹੇਰਵਾ

**ਮੂਲ ਪਾਠ :** ਸੁਰਜੀਤ ਪਾਤਰ ਇਕ ਦਾਰਸ਼ਨਿਕ, ਸੰਵੇਦਨਸ਼ੀਲ, ਸੁਹਿਰਦ ਅਤੇ ਸਮਰੱਥ ਸ਼ਾਇਰ ਹੈ। ਉਹ ਕਵਿਤਾ ਨੂੰ ਕੇਵਲ ਲਿਖਦਾ ਹੀ ਨਹੀਂ ਬਲਕਿ ਜਿਉਂਦਾ ਹੈ। ਸੁਰਜੀਤ ਪਾਤਰ ਦੀਆਂ ਹੋਰ ਰਚਨਾਵਾਂ ਵਾਂਗ 'ਸੁਰਜ਼ਮੀਨ' ਦੀਆਂ ਗ਼ਜ਼ਲਾਂ ਦਾ ਪ੍ਰਮੁੱਖ ਵਿਸ਼ਾ ਵੀ 'ਪ੍ਰੇਮ' ਹੈ। ਪਿਛਲੇ ਦੋ-ਤਿੰਨ ਦਹਾਕਿਆਂ ਦੌਰਾਨ ਪੰਜਾਬ ਦੀਆਂ ਪ੍ਰਸਥਿਤੀਆਂ ਵਿਚ ਤੇਜ਼ੀ ਨਾਲ ਬਦਲਾਵ ਹੋਇਆ ਹੈ। ਇਨ੍ਹਾਂ ਬਦਲਦੇ ਹਾਲਾਤਾਂ ਨੂੰ ਕਵੀ ਪ੍ਰੇਮ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ। ਪ੍ਰੇਮ ਦੇ ਬਹੁਤ ਸਾਰੇ ਰੂਪ ਹੋਣ ਕਰਕੇ ਇਹ ਵਿਸ਼ਾ ਹਰ ਉਮਰ, ਹਰ ਮਾਨਸਿਕਤਾ ਅਤੇ ਹਰ ਵਰਗ ਦੇ ਲੋਕਾਂ ਲਈ ਅਨੁਕੂਲ ਬਣ ਜਾਂਦਾ ਹੈ। ਸੁਰਜੀਤ ਪਾਤਰ ਆਪਣੀ ਕਵਿਤਾ 'ਜੇ ਆਈ ਪਤਝੜ' ਵਿਚ ਪ੍ਰੇਮ ਦੇ ਅਜਿਹੇ ਸਰੂਪ ਦਾ ਨਿਰੂਪਣ ਕਰਦਾ ਹੋਇਆ ਹੈ:

- ਜੇ ਆਈ ਪੱਤਝੜ ਤਾਂ ਫੇਰ ਕੀ ਹੈ
  ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
  ਮੈਂ ਲਭ ਕੇ ਕਿਤਿਓਂ ਲਿਆਉਨਾਂ ਕਲਮਾਂ
  ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।
- ਲਿਬਾਸ ਮੰਗਾਂ ਨ ਓਟ ਮੰਗਾਂ
  ਪਰ ਪਰਦਾਦਾਰੀ ਦਾ ਖੋਟ ਮੰਗਾਂ,
  ਬੱਸ ਆਪਣੀ ਉਲਫ਼ਤ ਦੇ ਉਹਲਿਆਂ ਵਿਚ

ਤੂੰ ਮੈਨੂੰ ਪਰਦਾਨਸ਼ੀਨ ਰੱਖੀਂ। (ਪੰਨਾ 15-16)

ਸੁਰਜੀਤ ਪਾਤਰ, ਇਕ ਮੱਧ-ਸ਼੍ਰੇਣੀ ਵਿਅਕਤੀ ਦੇ ਪ੍ਰੇਮ-ਅਨੁਭਵ ਨੂੰ ਕਈ ਪੱਖਾਂ ਤੋਂ ਵੇਖਦਾ ਅਤੇ ਬਿਆਨ ਕਰਦਾ ਹੈ। ਪੰਜਾਬੀ ਲੋਕਾਂ ਦੇ ਅਵਚੇਤਨ ਵਿਚ ਮੱਧਕਾਲੀਨ ਸਮੇਂ ਦੇ ਪ੍ਰੇਮ ਦਾ ਸੰਕਲਪ ਵਸਿਆ ਹੋਇਆ ਹੈ। ਇਸੇ ਲਈ ਉਹ ਕਿੱਸਾ-ਕਾਵਿ ਦੇ ਨਾਇਕ-ਨਾਇਕਾਵਾਂ ਦੇ ਪਿਆਰ ਨੂੰ ਆਦਰਸ਼ ਪ੍ਰੇਮ ਮੰਨਦੇ ਹਨ। ਸੁਰਜੀਤ ਪਾਤਰ ਦੀ ਕਵਿਤਾ ਵਿਚ ਮੱਧਕਾਲੀਨ ਪ੍ਰੇਮ ਦੇ ਦ੍ਰਿਸ਼ਟਾਂਤ ਆਮ ਮਿਲਦੇ ਹਨ:

– ਜੇ ਰਾਂਝੇ ਨਾ ਵੀ ਹੁੰਦੇ ਤਾਂ ਵੀ ਨਾ ਬਣਦੇ ਅਸੀਂ ਕੈਦੋਂ
ਅਸੀਂ ਜਾਂ ਤਾਂ ਨਾਥ ਹੁੰਦੇ ਜਾਂ ਅਸੀਂ ਲੁੱਡਣ ਮਲਾਹ ਬਣਦੇ।

– ਉਦੋਂ ਤਕ ਤੂੰ ਹੈਂ ਸਾਡੀ ਹਿੱਕ ਦੇ ਵਿਚ ਮਹਿਫ਼ੂਜ ਮਰ ਕੇ ਵੀ
ਜਦੋਂ ਤਕ ਜਿਸਮ ਸਾਡੇ ਹੀ ਨਹੀਂ ਸੜ ਕੇ ਸੁਆਹ ਬਣਦੇ। (ਪੰਨਾ 26)

ਸੁਰਜੀਤ ਪਾਤਰ ਦੀਆਂ ਕਵਿਤਾਵਾਂ ਵਿਚ ਪ੍ਰੇਮ ਦੇ ਅਨੁਭਵ ਮਾਨਵਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਪ੍ਰੇਮ ਅਨੁਭਵ ਰਾਹੀਂ ਸੁਰਜੀਤ ਪਾਤਰ ਨੇ ਪੰਜਾਬੀ ਸਮਾਜ ਤੇ ਸਭਿਆਚਾਰ ਦੇ ਮਾਨਵੀ ਸੰਦਰਭਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ:

– ਤੂੰ ਖ਼ੁਸ਼ ਰਿਹਾ ਕਰ ਐਵੇਂ ਬਹੁਤ ਸੋਚਿਆ ਨਾ ਕਰ।
ਆਪਣੇ ਹੀ ਕੰਢੇ ਖੋਰ ਕੇ ਇਉਂ ਗੰਧਲਿਆ ਨਾ ਕਰ।

– ਅੱਗੇ ਬਥੇਰੀ ਜ਼ਹਿਰ ਹੈ ਫੈਲੀ ਜਹਾਨ ਵਿਚ,
ਗੁੱਸੇ ’ਚ ਆ ਕੇ ਬੋਲ ਕੌੜੇ ਬੋਲਿਆ ਨ ਕਰ। (ਪੰਨਾ 56)

ਸੁਰਜੀਤ ਪਾਤਰ ਨੂੰ ਇਕ ਸਹਿਜ ਅਤੇ ਰਵਾਇਤੀ ਕਵੀ ਵੀ ਮੰਨਿਆ ਜਾਂਦਾ ਹੈ। ਉਸ ਦੀਆਂ ਕਵਿਤਾਵਾਂ ਵਿਚ ਕਿਤੇ ਵੀ ਸਮਾਜ ਵਿਚਲੀਆਂ ਰਵਾਇਤਾਂ ਨੂੰ ਕ੍ਰਾਂਤੀਕਾਰੀ ਢੰਗ ਨਾਲ ਨਹੀਂ ਉਲੰਘਿਆ ਜਾਂਦਾ। ਪ੍ਰੇਮ ਅਨੁਭਵ ਦੇ ਵਿਸ਼ੇ ਨੂੰ ਪੇਸ਼ ਕਰਨ ਦੇ ਨਾਲ-ਨਾਲ ਸੁਰਜੀਤ ਪਾਤਰ ਅਜੋਕੇ ਦੌਰ ਨਾਲ ਸੰਬੰਧਤ ਅਸਤਿੱਤਵੀ ਮਸਲਿਆਂ ਨੂੰ ਵੀ ਪੇਸ਼ ਕਰਦਾ ਹੈ। ਉਹ ਪੂੰਜੀਵਾਦੀ ਯੁੱਗ ਦੇ ਖੰਡਿਤ ਵਿਅਕਤੀ ਦੀ ਮਾਨਸਿਕਤਾ ਬਾਰੇ ਬਾਰ-ਬਾਰ ਜ਼ਿਕਰ ਕਰਦਾ ਹੈ:

– ਮੈਂ ਕੱਲ੍ਹ ਅਸਮਾਨੋਂ ਡਿੱਗਦੇ ਤਾਰੇ ਟੁੱਟਦੇ,
ਤੇ ਚੰਨ ਬੁਝਦਾ ਦੇਖਿਆ ਹੈ।
ਮੈਂ ਤੈਨੂੰ ਹੋਰ ਹੁੰਦਾ ਦੂਰ ਜਾਂਦਾ ਗ਼ੈਰ ਬਣਦਾ ਦੇਖਿਆ ਹੈ। (ਪੰਨਾ 52)

ਸੁਰਜੀਤ ਪਾਤਰ ਆਪਣੀਆਂ ਕਵਿਤਾਵਾਂ ਵਿਚ ਦੱਸਦਾ ਹੈ ਕਿ ਅਜੋਕੇ ਵਿਅਕਤੀ ਦੀ ਸਖ਼ਸ਼ੀਅਤ ਜਾਤਾਂ-ਜਮਾਤਾਂ ਤੇ ਹੋਰ ਅਨੇਕਾਂ ਵੰਡੀਆਂ ਵਿਚ ਟੁਕੜਾ-ਟੁਕੜਾ ਹੋ ਕੇ ਬਿਖਰ ਗਈ ਹੈ। ਉਸ ਬਚਪਨ, ਜਵਾਨੀ ਅਤੇ ਬੁਢਾਪੇ ਦੀਆਂ ਹਕੀਕੀ ਨਿਸ਼ਾਨੀਆਂ ਗੁੰਮ ਗਈਆਂ ਹਨ। ਇਸ ਪ੍ਰਕਾਰ ਹਰ ਵਿਅਕਤੀ ਦੀ ਸਖ਼ਸ਼ੀਅਤ ਟੁਕੜਿਆਂ ਵਿਚ ਵੰਡੀ ਜਾ ਰਹੀ ਹੈ:

– ਕਈ ਗ਼ਰਜ਼ਾਂ ਦੀਆਂ ਗੰਢਾਂ ਕਈ ਲੁਕਵੇਂ ਜਿਹੇ ਹਉਮੈ ਦੇ ਟਾਂਕੇ,
ਮੈਂ ਇਸ ਰਿਸ਼ਤੇ ਦੀ ਬੁਣਤੀ ਦਾ ਪਲਟ ਕੇ ਦੂਜਾ ਪਾਸਾ ਦੇਖਿਆ ਹੈ।
(ਪੰਨਾ 52)

ਸੁਰਜੀਤ ਪਾਤਰ ਦੇ ਇਸ ਕਾਵਿ-ਸੰਗ੍ਰਹਿ ਦੀਆਂ ਰਚਨਾਵਾਂ ਤੋਂ ਪਤਾ ਲੱਗਦਾ ਹੈ ਕਿ ਪੂੰਜੀਵਾਦੀ ਦੌਰ ਵਿਚ ਵਿਅਕਤੀ ਦਾ ਆਚਾਰ-ਵਿਹਾਰ ਬਦਲ ਗਿਆ ਹੈ। ਮਨੁੱਖ ਪ੍ਰਾਕ੍ਰਿਤੀ ਦੀ ਸਰਲਤਾ ਅਤੇ ਸਾਦਗੀ ਤੋਂ ਦੂਰ ਹੋ ਰਿਹਾ ਹੈ। ਪੂੰਜੀਵਾਦੀ ਯੁੱਗ ਵਿਚ ਮਨੁੱਖ ਦਾ ਚਿਹਰਾ ਹੀ ਨਹੀਂ ਪੂਰਾ ਵਜ਼ੂਦ ਹੀ ਬਦਲ ਰਿਹਾ ਹੈ। ਪਾਤਰ ਦੀਆਂ ਕਵਿਤਾਵਾਂ ਇਸ਼ਾਰਾ ਕਰਦੀਆਂ ਹਨ ਕਿ ਪੂਰਾ

ਸਮਾਜ ਮੁਖੌਟੇਧਾਰੀ ਬਣ ਚੁੱਕਾ ਹੈ। ਇਸ ਅਮਾਨਵੀਕਰਨ ਉਪਰ ਵੇਦਨਾ ਪ੍ਰਗਟ ਕਰਦਾ ਹੋਇਆ ਕਵੀ ਲਿਖਦਾ ਹੈ:

- ਹੁੰਦਾ ਸੀ ਏਥੇ ਸ਼ਖ਼ਸ ਇਕ ਸੱਚਾ ਕਿਧਰ ਗਿਆ।
  ਇਸ ਪੱਥਰਾਂ ਦੇ ਸ਼ਹਿਰ 'ਚ ਸ਼ੀਸ਼ਾ ਕਿਧਰ ਗਿਆ।
  ਸਭ ਨੀਰ ਗੰਧਲੇ, ਸ਼ੀਸ਼ੇ ਧੁੰਧਲੇ ਹੋਏ ਇਸ ਤਰ੍ਹਾਂ,
  ਹਰ ਸ਼ਖ਼ਸ ਪੁੱਛਦਾ ਏ, ਮੇਰਾ ਚਿਹਰਾ ਕਿਧਰ ਗਿਆ। (ਪੰਨਾ 24)

ਪੂੰਜੀਵਾਦੀ ਦੌਰ ਵਿਚ ਮਨੁੱਖ ਇਕੱਲਤਾ ਦਾ ਸ਼ਿਕਾਰ ਹੋ ਰਿਹਾ ਹੈ। ਰਿਸ਼ਤਿਆਂ ਵਿਚ ਤਣਾਉ ਪੈਦਾ ਹੋ ਗਿਆ ਹੈ। ਮਨੁੱਖ ਇਕ ਦੂਜੇ ਦਾ ਵਿਚਾਰਧਾਰਕ ਤੌਰ ਤੇ ਵਿਰੋਧੀ ਹੀ ਨਹੀਂ ਸਗੋਂ ਦੁਸ਼ਮਣ ਬਣ ਰਿਹਾ ਪ੍ਰਤੀਤ ਹੁੰਦਾ ਹੈ। ਅਜਿਹੇ ਸਮਾਜ ਤੇ ਮਨੁੱਖ ਦੀ ਮਾਨਸਿਕਤਾ ਬਾਰੇ ਪਾਤਰ ਆਪਣੀ ਕਵਿਤਾ 'ਮੈਂ ਸੁਣਾਂ ਜੇ' ਵਿਚ ਲਿਖਦਾ ਹੈ:

- ਕੋਈ ਸਾਕ ਹੈ ਕਦ ਤਕ ਹਮੇਸ਼ ਤਕ
  ਇਹ ਤਾਪਮਾਨ ਵਿਸ਼ੇਸ਼ ਤੱਕ,
  ਜੁੜੇ ਰਹਿਣ ਤੱਤਾਂ ਦੇ ਨਾਲ ਤੱਤ
  ਫਿਰ ਟੁੱਟ ਕੇ ਜੋ ਜਾਵਣ ਪਰੇ। (ਪੰਨਾ 18-19)
- ਜ਼ਮੀਨੋਂ ਫੁੱਟ ਪਊ ਚਸ਼ਮਾ ਜੇ ਖੁੱਭਿਆ ਤੀਰ ਖਿੱਚਾਂਗਾ
  ਗੁਰੂ ਦੇ ਨਾਂ ਤੇ ਮੈਂ ਵੀ ਇਕ ਵਲੀ ਦਾ ਨੀਰ ਖਿੱਚਾਂਗਾ। (ਪੰਨਾ 28)

'ਸੁਰਜ਼ਮੀਨ' ਵਿਚ ਸਮਾਜ ਵਿਚਲੀਆਂ ਵਿਭਿੰਨ ਸਮੱਸਿਆਵਾਂ ਨੂੰ ਮਾਨਵੀ ਸਰੋਕਾਰਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਸੰਗ੍ਰਹਿ ਵਿਚ ਗ਼ਜ਼ਲਾਂ ਦਾ ਇਕ ਹੋਰ ਪਾਸਾਰ ਜ਼ਿੰਦਗੀ, ਰੋਮਾਂਸ ਤੇ ਅਤੀਤ ਦੇ ਝੂਹੇਰਵੇ ਨਾਲ ਵੀ ਜੁੜਿਆ ਹੋਇਆ ਹੈ। ਸੁਰਜੀਤ ਪਾਤਰ ਪੂੰਜੀਵਾਦ ਅਤੇ ਉਦਯੋਗੀਕਰਣ ਦੀ ਤੇਜ਼ ਰਫ਼ਤਾਰ ਦੇ ਸਾਹਵੇਂ ਮੱਧਯੁੱਗ ਦੀਆਂ ਮਾਨਵਪੱਖੀ ਕਦਰਾਂ-ਕੀਮਤਾਂ ਨੂੰ ਢਹਿ-ਢੇਰੀ ਹੁੰਦਿਆਂ ਵੇਖ ਕੇ ਲਿਖਦਾ ਹੈ:

- ਸੱਚੇ ਨੂੰ ਸੱਚਾ ਝੂਠੇ ਨੂੰ ਝੂਠਾ ਉਹ ਕਹਿ ਸਕਣ,
  ਹਾਏ ਉਹ ਜਿਗਰੀ ਯਾਰਾਂ ਦਾ ਜਿਗਰਾ ਕਿਧਰ ਗਿਆ।
- ਕਿਥੇ ਗਏ ਉਹ ਯਾਰ ਮੇਰੇ, ਮੇਰਾ ਆਸਰਾ,
  ਉਹ ਧਰਮਾਂ, ਕਰਮਾਂ, ਸੁੱਚਾ ਤੇ ਪਿਆਰਾ ਕਿਧਰ ਗਿਆ। (ਪੰਨਾ 25)

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੁਰਜੀਤ ਪਾਤਰ 'ਸੁਰਜ਼ਮੀਨ' ਦੀਆਂ ਕਵਿਤਾਵਾਂ, ਗ਼ਜ਼ਲਾਂ ਰਾਹੀਂ ਅਜੋਕੇ ਜੀਵਨ ਦੀ ਜਟਿਲਤਾ, ਵਿਸੰਗਤੀਆਂ ਅਤੇ ਮਾਨਸਿਕ ਟੁੱਟ-ਭੱਜ ਨੂੰ ਦਰਸਾਉਣ ਵਾਲੀਆਂ ਅਨੇਕਾਂ ਧੁਨੀਆਂ ਨੂੰ ਉਜਾਗਰ ਕਰਦਾ ਹੈ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰੇਮ ਅਨੁਭਵ ਦੇ ਸ਼ੀਸ਼ੇ ਨਾਲ ਸਮਾਜ ਅਤੇ ਸਭਿਆਚਾਰ ਦੀ ਸਥਿਤੀ ਨੂੰ ਵੇਖਦੀਆਂ ਹਨ ਅਤੇ ਫਿਰ ਬੜੇ ਸੂਖ਼ਮ ਢੰਗ ਅਤੇ ਢੁਕਵੇਂ ਕਾਵਿ-ਬਿੰਬਾਂ ਰਾਹੀਂ ਬਿਆਨ ਕਰਦੀਆਂ ਹਨ। ਇਸ ਸੰਗ੍ਰਹਿ ਵਿਚ ਔਰਤ-ਮਰਦ ਦੇ ਪ੍ਰੇਮ ਅਨੁਭਵ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ।

***

ਪਾਠ ਨੰ : 1.8 ਲੇਖਕ : ਬਲਦੇਵ ਸਿੰਘ ਧਾਲੀਵਾਲ

## ਕਵੀ ਅਤੇ ਉਸ ਦੀ ਕਾਵਿ-ਰਚਨਾ ਸੰਬੰਧੀ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

**ਭੂਮਿਕਾ** : ਕਵੀ ਸੁਰਜੀਤ ਪਾਤਰ ਦੇ ਵਿਅਕਤਿਤਵ ਅਤੇ ਉਸ ਦੀ ਕਵਿ-ਰਚਨਾ ਦੇ ਵਿਭਿੰਨ ਪੱਖਾਂ ਬਾਰੇ ਤੁਸੀਂ ਜਾਣਕਾਰੀ ਹਾਸਲ ਕਰ ਚੁੱਕੇ ਹੋ। ਇਨ੍ਹਾਂ ਸਮੂਹ ਪੱਖਾਂ ਸੰਬੰਧੀ ਤੁਹਾਡੇ ਤੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਵੀ ਪੁੱਛੇ ਜਾਣੇ ਹਨ। ਯੂਨਿਟ ਦੇ ਇਸ ਪਾਠ ਵਿੱਚ ਅਜਿਹੇ ਪ੍ਰਸ਼ਨ-ਉੱਤਰ ਅੰਕਿਤ ਕੀਤੇ ਗਏ ਹਨ।

**ਪਾਠ ਦਾ ਮੰਤਵ** : ਇਸ ਪਾਠ ਦਾ ਮੰਤਵ ਤੁਹਾਨੂੰ ਕਵੀ ਅਤੇ ਉਸਦੀ ਕਾਵਿ-ਰਚਨਾ ਦੇ ਸਮੁੱਚੇ ਵੇਰਵਿਆਂ ਦੇ ਸਨਮੁਖ ਕਰਨਾ ਹੈ ਤਾਂ ਕਿ ਤੁਸੀਂ ਕਵੀ ਅਤੇ ਉਸਦੀ ਰਚਨਾ ਦੇ ਸਮੂਹ ਮਹੀਨ ਪੱਖਾਂ ਉੱਤੇ ਚੰਗੀ ਤਰ੍ਹਾਂ ਧਿਆਨ ਕੇਂਦਰਤ ਕਰ ਸਕੋ।

**ਪਾਠ ਦੀ ਰੂਪ ਰੇਖਾ** : ਇਸ ਪਾਠ ਦੀ ਰੂਪ ਰੇਖਾ ਹੇਠ ਲਿਖੇ ਅਨੁਸਾਰ ਮੁੱਦਿਆਂ ਨੂੰ ਵਿਚਾਰਨ ਲਈ ਤਰਤੀਬੀ ਗਈ ਹੈ :

1) ਸੁਰਜੀਤ ਪਾਤਰ ਦਾ ਵਿਅਕਤਿਤਵ
2) ਕਵੀ ਦਾ ਰਚਨਾ-ਸੰਸਾਰ
3) ਕਵੀ ਦਾ ਯੋਗਦਾਨ
4) ਸੁਰਜੀਤ ਪਾਤਰ ਦੀ ਕਾਵਿ-ਦਿਸ਼ਾ
5) ਸਮੁੱਚਾ ਪ੍ਰਭਾਵ

**ਮੂਲ ਪਾਠ** : ਕਿਸੇ ਵੀ ਰਚਨਾਕਾਰ ਦੇ ਜੀਵਨ ਅਤੇ ਸਿਰਜਣਾ ਦੇ ਅਨੇਕਾਂ ਪੱਖ ਹੁੰਦੇ ਹਨ। ਭਾਵੇਂ ਉਨ੍ਹਾਂ ਨੂੰ ਸਮੱਗਰ ਰੂਪ 'ਚ ਸਮਝ ਸਕਣਾ ਬਹੁਤ ਕਠਿਨ ਕਾਰਜ ਹੁੰਦਾ ਹੈ ਪਰੰਤੂ ਫਿਰ ਵੀ ਕੁਝ ਉਭਰਵੇਂ ਪੱਖਾਂ ਨੂੰ ਵਾਚ ਕੇ ਕਵੀ ਦੀ ਰਚਨਾ ਦੇ ਪ੍ਰਤੱਖ ਅਤੇ ਅਪ੍ਰਤੱਖ ਵੇਰਵਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਹਥਲੇ ਪਾਠ ਵਿੱਚ ਅਜਿਹਾ ਹੀ ਯਤਨ ਕੀਤਾ ਗਿਆ ਹੈ।

**ਪ੍ਰਸ਼ਨ : ਸੁਰਜੀਤ ਪਾਤਰ ਦੇ ਵਿਅਕਤਿਤਵ ਦੇ ਉਭਰਵੇਂ ਪੱਖਾਂ ਦਾ ਜ਼ਿਕਰ ਕਰੋ?**

**ਉੱਤਰ** : ਸੁਰਜੀਤ ਪਾਤਰ ਆਧੁਨਿਕ ਪੰਜਾਬੀ ਕਵਿਤਾ ਵਿੱਚ ਇੱਕ ਅਹਿਮ ਹਸਤਾਖ਼ਰ ਹੈ। ਵੀਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਉਸਨੂੰ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਕੇਂਦਰੀ ਸਥਾਨ ਹਾਸਲ ਰਿਹਾ ਹੈ। ਉਸਦਾ ਜਨਮ 14 ਫਰਵਰੀ, 1945 ਨੂੰ ਦੁਆਬੇ ਦੇ ਇੱਕ ਪਿੰਡ ਪੱਤੜਕਲਾਂ (ਕਪੂਰਥਲਾ) ਵਿਖੇ ਹੋਇਆ। ਉਸਦਾ ਜਨਮ ਚਾਰ ਭੈਣਾਂ ਤੋਂ ਬਾਅਦ ਹੋਇਆ। ਪੰਜਾਬ ਦੀ ਪੁੱਤਰ-ਮੋਹ ਦੀ ਪਰੰਪਰਾ ਅਨੁਸਾਰ ਉਸਨੂੰ ਬੜੇ ਚਾਵਾਂ-ਮਲਾਰਾਂ ਨਾਲ ਪਾਲਿਆ ਗਿਆ। ਪਰ ਰੁਜ਼ਗਾਰ ਖਾਤਰ ਉਸਦੇ ਬਾਪ ਨੂੰ ਵਿਦੇਸ਼ ਜਾਣਾ ਪੈ ਗਿਆ। ਇਸ ਦਾ ਪਾਤਰ ਦੇ ਬਾਲ-ਮਨ ਉਤੇ ਗਹਿਰਾ ਅਸਰ ਪਿਆ। ਸਿੱਟੇ ਵਜੋਂ ਉਹ ਸਦਾ-ਸਦਾ ਲਈ ਗਹਿਰ-ਗੰਭੀਰ ਅਤੇ ਚਿੰਤਨਮੁਖੀ ਵਿਅਕਤਿਤਵ ਦਾ ਧਾਰਣੀ ਬਣ ਗਿਆ।

**ਪ੍ਰਸ਼ਨ : ਸੁਰਜੀਤ ਪਾਤਰ ਦੀ ਵਿਦਿਆ-ਪ੍ਰਾਪਤੀ ਦਾ ਉਸਦੀ ਸ਼ਖ਼ਸ਼ੀਅਤ ਉਤੇ ਕੀ ਪ੍ਰਭਾਵ ਪਿਆ?**

**ਉੱਤਰ** : ਸੁਰਜੀਤ ਪਾਤਰ ਨੇ ਚਾਰ ਭੈਣਾਂ ਦਾ ਭਰਾ ਹੋਣ ਕਰਕੇ ਅਤੇ ਪਿਤਾ ਦੇ ਪਰਦੇਸ ਚਲੇ ਜਾਣ ਕਾਰਣ ਛੋਟੀ ਉਮਰ ਤੋਂ ਹੀ ਇਹ ਅਹਿਸਾਸ ਭੋਗਣਾ ਸ਼ੁਰੂ ਕਰ ਦਿੱਤਾ ਕਿ ਉਸ ਉੱਤੇ ਵੱਡੀਆਂ ਜ਼ਿੰਮੇਵਾਰੀਆਂ ਹਨ। ਇਸ ਗੱਲੋਂ ਸੁਚੇਤ ਹੋ ਕੇ ਉਸਨੇ ਇਕਾਗਰ ਚਿੱਤ ਹੋ ਕੇ ਪੜ੍ਹਨਾ ਸ਼ੁਰੂ ਕੀਤਾ। ਦਸਵੀਂ ਵਿੱਚ ਉਹ ਆਪਣੇ ਸਕੂਲ ਵਿਚੋਂ ਅਵੱਲ ਰਿਹਾ। ਫਿਰ ਸਰਕਾਰੀ ਰਣਧੀਰ ਕਾਲਜ, ਕਪੂਰਥਲਾ ਵਿਖੇ ਉਸਨੇ

ਵਿਗਿਆਨ ਦੀ ਪੜ੍ਹਾਈ ਆਰੰਭ ਕੀਤੀ ਭਾਵੇਂ ਬਾਅਦ ਵਿੱਚ ਆਰਟਸ ਦੇ ਖੇਤਰ ਵਿੱਚ ਹੀ ਆ ਗਿਆ। ਪੰਜਾਬੀ ਵਿਸ਼ੇ ਵਿੱਚ ਉਚੇਰੀ ਸਿੱਖਿਆ ਹਾਸਲ ਕਰਨ ਲਈ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕੁਝ ਸਾਲ ਨਿੱਠ ਕੇ ਅਧਿਐਨ ਕਰਦਾ ਰਿਹਾ। ਪੀ.ਐੱਚ.ਡੀ. ਦੀ ਡਿਗਰੀ ਵੀ ਉਸਨੇ ਪੰਜਾਬੀ ਵਿਸ਼ੇ ਵਿੱਚ ਹੀ ਹਾਸਿਲ ਕੀਤੀ। ਉਚੇਰੀ ਸਿਖਿਆ ਨੇ ਸੁਰਜੀਤ ਪਾਤਰ ਨੂੰ ਆਪਣੇ ਵਿਰਸੇ ਦੀਆਂ ਮਹਾਨ ਉਪਲਬੱਧੀਆਂ ਅਤੇ ਵਿਸ਼ਵ-ਚਿੰਤਨ ਦਾ ਭਰਪੂਰ ਗਿਆਨ ਪ੍ਰਦਾਨ ਕੀਤਾ। ਇਸੇ ਕਰਕੇ ਉਸਦੀ ਸ਼ਖ਼ਸੀਅਤ ਬਹੁ-ਪੱਖੀ ਬਣ ਸਕੀ।

**ਪ੍ਰਸ਼ਨ : ਸੁਰਜੀਤ ਪਾਤਰ ਦੇ ਰਚਨਾ-ਸੰਸਾਰ ਦੀ ਜਾਣ-ਪਛਾਣ ਕਰਾਓ।**

**ਉੱਤਰ :** ਸੁਰਜੀਤ ਪਾਤਰ ਨੇ ਛੇਵੇਂ ਦਹਾਕੇ ਵਿੱਚ ਹੀ ਰਚਨਾ-ਕਾਰਜ ਸ਼ੁਰੂ ਕਰ ਦਿੱਤਾ ਸੀ। ਸਭ ਤੋਂ ਪਹਿਲਾਂ ਉਸਦੀਆਂ ਨੌਂ ਕਵਿਤਾਵਾਂ ਇੱਕ ਸੰਮਲਿਤ ਕਾਵਿ-ਸੰਗ੍ਰਹਿ 'ਕੋਲਾਜ' ਵਿੱਚ ਪ੍ਰਕਾਸ਼ਿਤ ਹੋਈਆਂ ਤਾਂ ਉਸਦੇ ਨਾਂ ਦਾ ਚਾਰੇ ਪਾਸੇ ਚਰਚਾ ਛਿੜ ਗਿਆ। ਉਹ ਇੱਕ ਗਹਿਰ-ਗੰਭੀਰ ਅਤੇ ਕਲਾਤਮਕਤਾ ਦੇ ਉੱਚੇ ਮਿਆਰਾਂ ਵਾਲੇ ਕਵੀ ਵੱਜੋਂ ਉੱਭਰ ਕੇ ਸਾਹਮਣੇ ਆਇਆ। ਉਸ ਤੋਂ ਬਾਅਦ ਉਹ ਨਿਰੰਤਰ ਪੰਜਾਬੀ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋਣ ਵਾਲਾ ਸ਼ਾਇਰ ਬਣ ਗਿਆ। ਸਮੇਂ ਸਮੇਂ ਉਸਦੇ ਕਾਵਿ-ਸੰਗ੍ਰਹਿ 'ਹਵਾ' 'ਚ ਲਿਖੇ ਹਰਫ਼' (1970), 'ਬਿਰਖ਼ ਅਰਜ਼ ਕਰੇ' (1992), 'ਹਨੇਰੇ 'ਚ ਸੁਲਘਦੀ ਵਰਣਮਾਲਾ' (1992) ਅਤੇ 'ਲਫ਼ਜ਼ਾਂ ਦੀ ਦਰਗਾਹ' (2000)ਪਤਝੜ ਦੀ ਪਾਜ਼ੇਬ(2004),ਸੁਰਜ਼ਮੀਨ (2008) ਪ੍ਰਕਾਸ਼ਿਤ ਹੁੰਦੇ ਰਹੇ।

**ਪ੍ਰਸ਼ਨ : ਇੱਕ ਕਵੀ ਤੋਂ ਬਿਨਾਂ ਸੁਰਜੀਤ ਪਾਤਰ ਨੇ ਕਿਹੜੇ ਸਾਹਿਤਕ ਖੇਤਰਾਂ ਵਿੱਚ ਸਿਰਜਣਾ ਦਾ ਕਾਰਜ ਕੀਤਾ?**

**ਉੱਤਰ :** ਆਪਣੇ ਅਧਿਆਪਨ ਦੇ ਕਾਰਜ ਦੇ ਨਾਲ-ਨਾਲ ਸੁਰਜੀਤ ਪਾਤਰ ਸਦਾ ਹੀ ਸਿਰਜਣਾ ਦੇ ਕਾਰਜ ਵਿੱਚ ਰੁਝਿਆ ਰਹਿਣ ਵਾਲਾ ਰਚਨਾਕਾਰ ਹੈ। ਉਹ ਕਵਿਤਾ ਰਚਣ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੇ ਸਾਹਿਤਕ ਕਾਰਜਾਂ ਵਿੱਚ ਸਰਗਰਮ ਰਹਿੰਦਾ ਹੈ। ਉਸਨੇ ਸਮੇਂ-ਸਮੇਂ ਵਿਸ਼ਵ ਪ੍ਰਸਿੱਧ ਨਾਟਕਾਂ ਦਾ ਅਨੁਵਾਦ ਵੀ ਕੀਤਾ ਹੈ ਜਿਹੜੇ ਨੀਲਮ ਮਾਨ ਸਿੰਘ ਵਰਗੀ ਪ੍ਰਸਿੱਧ ਹਸਤੀ ਵੱਲੋਂ ਨਿਰਦੇਸ਼ਤ ਕੀਤੇ ਜਾ ਚੁੱਕੇ ਹਨ। ਦੂਰਦਰਸ਼ਨ ਜਲੰਧਰ ਵਾਸਤੇ ਸੁਰਜੀਤ ਪਾਤਰ ਨੇ ਬਹੁਤ ਵਰ੍ਹੇ ਸਾਹਿਤਕ ਪ੍ਰੋਗਰਾਮਾਂ ਲਈ ਨਿਰੰਤਰ ਸਕ੍ਰਿਪਟਾਂ ਲਿਖਣ ਅਤੇ ਪ੍ਰੋਗਰਾਮ ਦੇ ਵਾਚਕ ਵਜੋਂ ਕਾਰਜ ਕੀਤਾ ਹੈ। ਉਸਨੇ ਵੀਹਵੀਂ ਸਦੀ ਦੀ ਸਮੁੱਚੀ ਕਵਿਤਾ ਵਿੱਚੋਂ ਬੜੀ ਮਿਹਨਤ ਨਾਲ ਚੋਣ ਕਰਕੇ 'ਸਦੀ ਦੀਆਂ ਤਰਕਾਲਾਂ' ਨਾਂ ਦਾ ਕਾਵਿ-ਸੰਗ੍ਰਹਿ ਵੀ ਤਿਆਰ ਕੀਤਾ ਹੈ। ਸੁਰਜੀਤ ਪਾਤਰ ਨੇ ਆਪਣੀਆਂ ਗ਼ਜ਼ਲਾਂ ਨੂੰ ਖੁਦ ਹੀ ਗਾ ਕੇ 'ਬਿਰਖ਼ ਜੋ ਸਾਜ਼ ਹੈ' ਨਾਂ ਦੀ ਕੈਸੇਟ ਵੀ ਤਿਆਰ ਕੀਤੀ ਹੈ ਜਿਸਨੂੰ ਭਰਪੂਰ ਹੁੰਘਾਰਾ ਮਿਲਿਆ ਹੈ। ਸੁਰਜੀਤ ਪਾਤਰ ਕਵੀ ਦਰਬਾਰਾਂ ਰਾਹੀਂ ਪੰਜਾਬ, ਭਾਰਤ ਅਤੇ ਪੱਛਮੀ ਦੇਸ਼ਾਂ ਤੱਕ ਦੇ ਸਰੋਤਿਆਂ ਦੇ ਰੂ-ਬ-ਰੂ ਹੋ ਚੁੱਕਾ ਹੈ। ਉਹ ਪੰਜਾਬੀ ਦੀਆਂ ਅਹਿਮ ਸਾਹਿਤਕ ਸੰਸਥਾਵਾਂ ਵਿੱਚ ਪ੍ਰਬੰਧਕੀ ਜ਼ਿੰਮੇਵਾਰੀਆਂ ਵੀ ਨਿਰੰਤਰ ਨਿਭਾਅ ਰਿਹਾ ਹੈ।

**ਪ੍ਰਸ਼ਨ : ਸੁਰਜੀਤ ਪਾਤਰ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਉਲੇਖ ਕਰੋ।**

**ਉੱਤਰ :** ਸੁਰਜੀਤ ਪਾਤਰ ਪੰਜਾਬ ਦਾ ਬਹੁਤ ਹੀ ਸਨਮਾਨਿਆ ਸ਼ਾਇਰ ਹੈ। ਪੰਜਾਬ ਪੱਧਰ ਦੇ ਇਨਾਮਾਂ-ਸਨਮਾਨਾਂ ਤੋਂ ਇਲਾਵਾ ਉਸਨੂੰ ਭਾਰਤ ਦਾ ਸਰਵੋਤਮ ਸਾਹਿਤ ਅਕਾਦਮੀ ਦਾ ਅਵਾਰਡ ਵੀ ਆਪਣੀ ਪੁਸਤਕ 'ਹਨ੍ਹੇਰੇ 'ਚ ਸੁਲਘਦੀ ਵਰਣਮਾਲਾ' ਲਈ 1997 ਵਿੱਚ ਹਾਸਲ ਹੋ ਚੁੱਕਾ ਹੈ। ਉਹ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਬਹੁ-ਭਾਸ਼ੀ ਕਵੀ ਸੰਮੇਲਨਾਂ ਅਤੇ ਵਰਕਸ਼ਾਪਾਂ ਵਿੱਚ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕਰਦਾ ਰਿਹਾ ਹੈ। ਉਹ ਆਪਣੀ ਪਹਿਲੀ ਮੌਲਿਕ ਕਾਵਿ-ਪੁਸਤਕ 'ਹਵਾ 'ਚ ਲਿਖੇ ਹਰਫ਼' ਨਾਲ ਹੀ ਏਨਾ ਮਕਬੂਲ ਹੋ ਗਿਆ ਸੀ ਕਿ ਉਸ ਸਮੇਂ ਤੋਂ ਹੀ ਉਸਦੀ ਕਵਿਤਾ ਪੰਜਾਬੀ ਦੀ ਉਚੇ ਰੀ ਸਿਖਿਆ ਦੇ ਪਾਠ-ਕ੍ਰਮਾਂ ਵਿੱਚ ਸ਼ਾਮਿਲ ਕੀਤੀ ਜਾਂਦੀ ਹੈ। ਬਹੁਤ ਸਾਰੇ ਖੋਜਾਰਥੀ ਉਸ ਦੀ ਕਵਿਤਾ

ਸੰਬੰਧੀ ਐਮ. ਫ਼ਿਲ. ਅਤੇ ਪੀ.ਐੱਚ.ਡੀ. ਪੱਧਰ ਦੀ ਖੋਜ ਕਰ ਚੁੱਕੇ ਹਨ। ਪੰਜਾਬੀ ਦੇ ਪਹਿਲੀ ਕਤਾਰ ਦੇ ਚਿੰਤਕਾਂ ਨੇ ਸੁਰਜੀਤ ਪਾਤਰ ਦੀ ਕਾਵਿ-ਰਚਨਾ ਸੰਬੰਧੀ ਸੁਤੰਤਰ-ਪੁਸਤਕਾਂ ਦੇ ਰੂਪ 'ਚ ਖੋਜ-ਕਾਰਜ ਕੀਤਾ ਹੈ।

**ਪ੍ਰਸ਼ਨ : ਸੁਰਜੀਤ ਪਾਤਰ ਦੀ ਰਚਨਾ-ਦ੍ਰਿਸ਼ਟੀ ਦੇ ਉਭਰਵੇਂ ਪੱਖਾਂ ਦਾ ਉਲੇਖ ਕਰੋ।**

**ਉੱਤਰ :** ਸੁਰਜੀਤ ਪਾਤਰ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਬੌਧਿਕ ਸਮਰੱਥਾ ਵਾਲਾ ਕਵੀ ਹੈ। ਉਸ ਦੀ ਰਚਨਾ-ਦ੍ਰਿਸ਼ਟੀ ਨੂੰ ਪ੍ਰਭਾਵਿਤ ਕਰਨ ਵਾਲੇ ਮੂਲ ਪ੍ਰੇਰਕਾਂ ਵਿੱਚ ਕੁਝ ਹੇਠ ਲਿਖੀਆਂ ਘਟਨਾਵਾਂ ਦੀ ਮੁੱਖ ਭੂਮਿਕਾ ਹੈ :

ੳ) ਚਾਰ ਭੈਣਾਂ ਤੋਂ ਪਿਛੋਂ ਪੈਦਾ ਹੋਣ ਕਰਕੇ ਮਿਲਿਆ ਸੁਰੱਖਿਅਕ ਅਤੇ ਲਾਡਾਂ ਭਰਿਆ ਬਚਪਨ।

ਅ) ਪਿਤਾ ਦੇ ਪਰਦੇਸ ਚਲੇ ਜਾਣ ਨਾਲ ਮਿਲਿਆ ਭਾਵੁਕ ਵਿਗੋਚਾ

ੲ) ਉੱਚ-ਸਿੱਖਿਆ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪ੍ਰਸਿੱਧ ਚਿੰਤਕਾਂ ਅਤੇ ਗਿਆਨ-ਪੁਸਤਕਾਂ ਦਾ ਭਰਪੂਰ ਸਾਥ।

ਸ) ਨੌਕਰੀ ਦੌਰਾਨ ਲੁਧਿਆਣਾ ਵਿਖੇ ਪ੍ਰੋ. ਮੋਹਨ ਸਿੰਘ ਵਰਗੇ ਪ੍ਰਬੁੱਧ ਸ਼ਾਇਰਾਂ ਦੀ ਸੰਗਤ

ਹ) ਪੂਰੇ ਪੰਜਾਬੀ ਸਾਹਿਤਕ ਜਗਤ ਵੱਲੋਂ ਮਿਲੇ ਭਰਪੂਰ ਮਾਨ-ਸਨਮਾਨ ਅਤੇ ਪਿਆਰ ਦਾ ਯੋਗਦਾਨ।

ਇਨ੍ਹਾਂ ਸਮੂਹ ਘਟਨਾਵਾਂ ਨੇ ਸੁਰਜੀਤ ਪਾਤਰ ਦੀ ਰਚਨਾ-ਦ੍ਰਿਸ਼ਟੀ ਨੂੰ ਗੰਭੀਰ, ਬਹੁ-ਪਾਸਾਰੀ, ਤੀਖਣ, ਵਿਸ਼ੇਸ਼ਣੀ ਅਤੇ ਰਚਨਾਤਮਕ ਬਣਾਇਆ ਹੈ।

**ਪ੍ਰਸ਼ਨ : ਕਾਵਿ-ਸੰਗ੍ਰਹਿ 'ਬਿਰਖ਼ ਅਰਜ਼ ਕਰੇ' ਦੇ ਕਾਵਿ-ਵਸਤੂ ਦੀ ਕੇਂਦਰੀ ਸੁਰ ਕਿਹੜੀ ਹੈ?**

**ਉੱਤਰ :** ਸੁਰਜੀਤ ਪਾਤਰ ਨੇ ਇਸ ਕਾਵਿ-ਪੁਸਤਕ ਰਾਹੀਂ ਪ੍ਰਮੁੱਖ ਤੌਰ ਤੇ ਪੰਜਾਬ ਸੰਕਟ ਨੂੰ ਆਪਣਾ ਰਚਨਾ-ਵਸਤੂ ਬਣਾਇਆ ਹੈ। ਬਹੁਤ ਸਾਰੀਆਂ ਕਵਿਤਾਵਾਂ ਜਿਵੇਂ 'ਧੁਖਦਾ ਜੰਗਲ', 'ਨਜ਼ਰ', 'ਪਿਆਰਾ' ਅਤੇ 'ਬੰਸਰੀ ਬਿਰਤਾਂਤ' ਆਦਿ ਵਿੱਚ ਤਾਂ ਪ੍ਰਮੁੱਖ ਤੌਰ ਤੇ ਪੰਜਾਬ ਸੰਕਟ ਦੇ ਵੇਰਵੇ ਵੇਖਣ ਨੂੰ ਮਿਲਦੇ ਹਨ। ਹੋਰ ਬਹੁਤ ਸਾਰੀਆਂ ਕਵਿਤਾਵਾਂ ਦੀ ਪਿੱਠ-ਭੂਮੀ ਵਿੱਚੋਂ ਵੀ ਪੰਜਾਬ ਸੰਕਟ ਦੇ ਵਿਭਿੰਨ ਪੱਖਾਂ ਦੀਆਂ ਸੁਰਾਂ ਨੂੰ ਸੁਣਿਆ ਅਤੇ ਪਛਾਣਿਆ ਜਾ ਸਕਦਾ ਹੈ। ਪੰਜਾਬ ਸੰਕਟ ਕਿਵੇਂ ਪੈਦਾ ਹੋਇਆ? ਇਸਦੇ ਪੰਜਾਬੀਆਂ ਉਤੇ ਕੀ ਪ੍ਰਭਾਵ ਪਏ? ਅਤੇ ਪੰਜਾਬ ਸੰਕਟ ਦੇ ਹੋਰ ਕਿਸ ਤਰ੍ਹਾਂ ਦੇ ਸਿੱਟੇ ਨਿਕਲੇ? ਆਦਿ ਪ੍ਰਸ਼ਨਾਂ ਨੂੰ ਵਿਭਿੰਨ ਕੋਣਾਂ ਤੋਂ ਇਨ੍ਹਾਂ ਕਵਿਤਾਵਾਂ ਵਿੱਚ ਪੇਸ਼ ਕੀਤਾ ਗਿਆ ਹੈ। ਕੁਝ ਕਵਿਤਾਵਾਂ ਤਾਂ ਲੋਕਧਾਰਾ ਵਾਂਗ ਹੀ ਪੰਜਾਬੀ ਪਾਠਕਾਂ ਦੇ ਅਵਚੇਤਨ ਦਾ ਅੰਗ ਬਣ ਗਈਆਂ ਹਨ।

**ਪ੍ਰਸ਼ਨ : ਦੁਬਿਧਾ ਗ੍ਰੱਸੇ ਵਿਅਕਤੀ ਦੀ ਅਭਿਵਿਅਕਤੀ ਪਾਤਰ ਕਾਵਿ ਰਾਹੀਂ ਕਿਵੇਂ ਹੋਈ ਹੈ?**

**ਉੱਤਰ :** ਸੁਰਜੀਤ ਪਾਤਰ ਭਾਵੇਂ ਕਿਸੇ ਵੀ ਵਿਸ਼ੇ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾ ਰਿਹਾ ਹੋਵੇ ਉਸਦੀ ਕਵਿਤਾ ਵਿੱਚ ਇੱਕ ਦੁਬਿਧਾਗ੍ਰਸਤ ਵਿਅਕਤੀ ਨੂੰ ਕਾਵਿ-ਪਾਤਰ ਵਜੋਂ ਅਹਿਮ ਸਥਾਨ ਮਿਲਦਾ ਹੈ। ਪੰਜਾਬੀ ਅਨੁਭਵ ਵਿੱਚ ਵਿਅਕਤੀਵਾਦ ਦੀ ਚੇਤਨਾ ਦੇ ਉਭਾਰ ਨਾਲ ਹੋਂਦ ਵਿੱਚ ਆਏ ਇਸ ਮੱਧਵਰਗੀ ਦੁਫੇੜ ਮਾਨਸਿਕਤਾ ਵਾਲੇ ਵਿਅਕਤੀ ਦੇ ਅਨੇਕਾਂ ਰੂਪ ਪਾਤਰ ਦੀ ਕਾਵਿ-ਰਚਨਾ ਵਿੱਚ ਵੇਖਣ ਨੂੰ ਮਿਲਦੇ ਹਨ। ਇਸ ਵਿਅਕਤੀ ਦੇ ਕੁਝ ਆਦਰਸ਼ ਵੀ ਹਨ, ਤੌਖਲੇ ਵੀ ਅਤੇ ਖੁਦਗਰਜ਼ੀਆਂ ਵੀ। ਇਨ੍ਹਾਂ ਭਾਵਾਂ ਦਾ ਮਿਸ਼ਰਤ ਰੂਪ ਸੁਰਜੀਤ ਪਾਤਰ ਦੇ ਕਾਵਿ-ਵਕਤਾ ਦੀ ਹੋਂਦ ਨੂੰ ਨਿਰਧਾਰਿਤ ਕਰਦਾ ਹੈ। ਇਸ ਦੁਬਿਧਾਗ੍ਰਸਤ ਵਿਅਕਤੀ ਨੂੰ ਜਿਸ ਪ੍ਰਮਾਣਿਕਤਾ ਨਾਲ ਸੁਰਜੀਤ ਪਾਤਰ ਦੀ ਕਵਿਤਾ ਵਿੱਚ ਪੇਸ਼ ਕੀਤਾ ਗਿਆ ਮਿਲਦਾ ਹੈ ਉਸ ਤਰ੍ਹਾਂ ਹੋਰ ਕਿਸੇ ਪੰਜਾਬੀ ਕਵੀ ਨੂੰ ਇਹ ਸਫਲਤਾ ਹਾਸਲ ਨਹੀਂ ਹੋ ਸਕੀ। ਇਸ ਪੱਖੋਂ

ਸੁਰਜੀਤ ਪਾਤਰ ਦੁਫਾੜ ਮਾਨਸਿਕਤਾ ਵਾਲੀ ਸ਼ਖਸੀਅਤ ਵਾਲੇ ਕਵੀ-ਪਾਤਰ ਦੀ ਸਿਰਜਣਾ ਵਿੱਚ ਬਹੁਤ ਸਫਲ ਹੋਇਆ ਹੈ।

**ਪ੍ਰਸ਼ਨ : ਸੁਰਜੀਤ ਪਾਤਰ ਦੀ ਕਵਿਤਾ ਵਿੱਚ ਔਰਤ-ਮਰਦ ਦੇ ਰਿਸ਼ਤੇ ਦਾ ਸਰੂਪ ਕਿਸ ਤਰ੍ਹਾਂ ਦਾ ਹੈ?**

**ਉੱਤਰ** : ਸੁਰਜੀਤ ਪਾਤਰ ਦੀ ਕਵਿਤਾ ਦੇ ਪ੍ਰੇਮਿਕਾ ਅਤੇ ਪ੍ਰੇਮੀ ਪ੍ਰੌਢ ਉਮਰ ਵਾਲੇ ਵਿਅਕਤਿਤਵ ਦੇ ਧਾਰਨੀ ਹਨ। ਇਸ ਲਈ ਉਨ੍ਹਾਂ ਵਿੱਚੋਂ ਕਿਸ਼ੋਰ ਅਵਸਥਾ ਦੇ ਮੁੰਡੇ-ਕੁੜੀਆਂ ਵਾਲੇ ਜਜ਼ਬਾਤੀ ਵੇਰਵੇ ਲੁਪਤ ਹਨ। ਉਹ ਮੱਧਕਾਲੀ ਪ੍ਰੀਤ-ਕਥਾਵਾਂ ਦੇ ਨਾਇਕ-ਨਾਇਕਾਵਾਂ ਵਾਂਗ ਇਕ-ਦੂਜੇ ਖਾਤਰ ਕੁਰਬਾਨ ਹੋਣ ਦੀਆਂ ਕਸਮਾਂ ਖਾਂਦੇ ਵੀ ਨਜ਼ਰ ਨਹੀਂ ਆਉਂਦੇ। ਇਹ ਪ੍ਰੇਮੀ-ਜੋੜੇ ਬੜੀ ਯਥਾਰਥਕ ਦ੍ਰਿਸ਼ਟੀ ਵਾਲੇ ਆਧੁਨਿਕ ਵਿਅਕਤੀ ਹਨ। ਇਹ ਨਿਹੋਰਿਆਂ ਅਤੇ ਸ਼ਿਕਵਿਆਂ ਦੀ ਥਾਂ ਵਸਤੂ-ਯਥਾਰਥ ਨੂੰ ਵਸਤੂਪਰਕ ਢੰਗ ਨਾਲ ਸਮਝਣ ਦਾ ਯਤਨ ਕਰਦੇ ਹਨ। ਇਨ੍ਹਾਂ ਪ੍ਰੇਮੀ ਹੋਂਦਾਂ ਦੇ ਮਾਧਿਅਮ ਰਾਹੀਂ ਆਧੁਨਿਕ ਸਮੇਂ ਵਿੱਚ ਪਿਆਰ ਦੇ ਬਦਲਵੇਂ ਸਰੂਪ ਨੂੰ ਭਲੀ-ਭਾਂਤ ਸਮਝਿਆ ਜਾ ਸਕਦਾ ਹੈ। ਸਮਾਜਕ ਅਤੇ ਵਿਵਰਜਤ ਰਿਸ਼ਤਿਆਂ ਦਾ ਦਵੰਦ ਸੁਰਜੀਤ ਪਾਤਰ ਦੀ ਕਵਿਤਾ ਵਿੱਚ ਬਹੁਤ ਕਲਾਤਮਕਤਾ ਨਾਲ ਪੇਸ਼ ਹੋ ਸਕਿਆ ਹੈ, ਜਿਵੇਂ :

**ਬਰਸ ਕੇ ਬਾਹਰ ਮੈਂ ਘਰ ਨੂੰ ਜਾ ਰਿਹਾਂ,**
**ਇੱਕ ਡਿਗਦੀ ਛੱਤ ਨੂੰ ਥੰਮ੍ਹਣ ਲਈ।**

ਸੁਰਜੀਤ ਪਾਤਰ ਦੀਆਂ ਕਵਿਤਾਵਾਂ ਦੇ ਇਹ ਔਰਤ ਅਤੇ ਮਰਦ ਪਾਤਰ ਕੋਈ ਇਕਹਿਰੀ ਪਰਤ ਵਾਲੇ ਪਾਤਰ ਨਹੀਂ ਬਲਕਿ ਅਨੇਕਾਂ ਵਿਰੋਧਾਭਾਸੀ ਚਰਿੱਤਰਾਂ ਦੇ ਲੱਛਣਾਂ ਨੂੰ ਇੱਕੋ ਸਮੇਂ ਭੋਗਦੇ ਪਾਤਰ ਹਨ। ਇਨ੍ਹਾਂ ਦਾ ਵਿਅਕਤਿਤਵ ਖਿੰਡਾਅ ਅਤੇ ਤਣਾਅ ਦਾ ਸੂਚਕ ਹੈ। ਇਹ ਆਧੁਨਿਕ ਮਨੁੱਖ ਦੀ ਹੋਂਦ ਅਤੇ ਹੋਣੀ ਦਾ ਬਹੁਤ ਯਥਾਰਥਕ ਪ੍ਰਗਟਾ ਕਰਦੇ ਹਨ।

**ਪ੍ਰਸ਼ਨ : ਪਾਤਰ-ਕਾਵਿ ਦੀਆਂ ਉਭਰਵੀਆਂ ਕਾਵਿ-ਵਿਸ਼ੇਸ਼ਤਾਵਾਂ ਕਿਹੜੀਆਂ ਹਨ?**

**ਉੱਤਰ** : ਪਾਤਰ-ਕਾਵਿ ਵਿੱਚ ਉਸਦੀਆਂ ਖੁੱਲ੍ਹੀਆਂ ਕਵਿਤਾਵਾਂ ਦੇ ਨਾਲ-ਨਾਲ ਗ਼ਜ਼ਲਾਂ ਅਤੇ ਗੀਤ ਵੀ ਸ਼ਾਮਿਲ ਹਨ। ਪਰ ਇੱਕ ਗੱਲ ਮਹੱਤਵਪੂਰਨ ਹੈ ਕਿ ਸੁਰਜੀਤ ਪਾਤਰ ਭਾਵੇਂ ਛੰਦ-ਬੱਧ ਕਾਵਿ ਦੀ ਰਚਨਾ ਕਰ ਰਿਹਾ ਹੋਵੇ ਜਾਂ ਛੰਦ-ਮੁਕਤ ਕਾਵਿ ਲਿਖ ਰਿਹਾ ਹੋਵੇ, ਉਹ ਕਾਵਿ ਲੈ ਦਾ ਬਹੁਤ ਧਿਆਨ ਰੱਖਣ ਵਾਲਾ ਕਵੀ ਹੈ। ਇਸੇ ਲਈ ਉਸਦੀ ਕਵਿਤਾ ਵਿੱਚ ਸੰਗੀਤਕ ਲੱਛਣ ਭਰਪੂਰ ਰੂਪ ਵਿੱਚ ਮਿਲਦੇ ਹਨ। ਸੁਰਜੀਤ ਪਾਤਰ ਦੀ ਕਵਿਤਾ ਵਿੱਚ ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਬਿੰਬ ਦੇ ਮਾਧਿਅਮ ਰਾਹੀਂ ਕੀਤਾ ਗਿਆ ਹੁੰਦਾ ਹੈ, ਇਸ ਲਈ ਉੱਚੀ ਸੁਰ ਅਤੇ ਭਾਸ਼ਣੀ ਲਹਿਜ਼ਾ ਉਸਦੀ ਕਵਿਤਾ ਵਿੱਚੋਂ ਲਗਭਗ ਗਾਇਬ ਹੀ ਹੁੰਦਾ ਹੈ। ਉਸਦੀ ਰਚਨਾ ਵਿੱਚ ਬੌਧਿਕ ਅਤੇ ਦਾਰਸ਼ਨਿਕ ਛੋਹਾਂ ਥਾਂ-ਪਰ-ਥਾਂ ਮਿਲਦੀਆਂ ਹਨ। ਆਪਣੇ ਇਤਿਹਾਸਕ ਅਤੇ ਸਾਹਿਤਕ ਵਿਰਸੇ ਦੀ ਭਰਪੂਰ ਸੂਝ ਹੋਣ ਸਦਕਾ ਸੁਰਜੀਤ ਪਾਤਰ ਵਿਰਸੇ ਦੇ ਚਿੰਨ੍ਹਾਂ ਅਤੇ ਪ੍ਰਤੀਕਾਂ ਨੂੰ ਆਪਣੀ ਕਾਵਿ-ਰਚਨਾ ਵਿੱਚ ਸਮੋਅ ਸਕਣ ਦੀ ਸਮਰੱਥਾ ਰੱਖਦਾ ਹੈ।

**ਪ੍ਰਸ਼ਨ : ਸੁਰਜੀਤ ਪਾਤਰ ਦੀ ਗਜ਼ਲ-ਕਲਾ ਦਾ ਉਲੇਖ ਕਰੋ?**

**ਉੱਤਰ** : ਸੁਰਜੀਤ ਪਾਤਰ ਨੇ ਆਪਣੀ ਪਹਿਲੇ ਗ਼ਜ਼ਲ ਸੰਗ੍ਰਹਿ 'ਹਵਾ 'ਚ ਲਿਖੇ ਹਰਫ਼' ਵਿਚਲੇ ਇੱਕ ਸ਼ਿਅਰ ਰਾਹੀਂ ਹੀ ਇਹ ਗੱਲ ਬਲਪੂਰਵਕ ਕਹਿ ਦਿੱਤੀ ਸੀ ਕਿ ਬਹਿਰ ਦੀਆਂ ਤਕਨੀਕੀ ਬੰਦਸ਼ਾਂ ਦੀ ਥਾਂ ਉਹ ਆਪਣੇ ਖ਼ੂਨ ਨਾਲ ਗ਼ਜ਼ਲ ਦੀ ਸਿਰਜਣਾ ਕਰਨ ਨੂੰ ਪਹਿਲ ਦੇਣ ਵਾਲਾ ਕਵੀ ਹੈ। ਪਰ ਇਸ ਦਾ ਅਰਥ ਇਹ ਹਰਗਿਜ਼ ਨਹੀਂ ਕਿ ਸੁਰਜੀਤ ਪਾਤਰ ਗ਼ਜ਼ਲ ਦੀ ਤਕਨੀਕ ਤੋਂ ਅਵੇਸਲਾ ਕਵੀ ਹੈ।' ਫਿਰ ਵੀ ਸੰਵੇਦਨਾ ਦੀ ਸ਼ਿੱਦਤ ਨੂੰ ਉਹ ਵਧੇਰੇ ਮਹੱਤਵ ਦੇਣ ਵਾਲਾ ਕਵੀ ਹੈ। ਸੁਰਜੀਤ ਪਾਤਰ ਦੀਆਂ ਗ਼ਜ਼ਲਾਂ ਵਿੱਚ ਅਨੁਭਵ ਦੀ ਅਮੀਰੀ ਅਤੇ ਪ੍ਰਗਟਾ ਦੀ ਸ਼ਿੱਦਤ ਤਾਂ ਹੁੰਦੀ ਹੈ, ਇਸ ਦੇ ਨਾਲ-ਨਾਲ ਉਹ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਇਸ ਤਰ੍ਹਾਂ ਵਿਰੋਧਾਭਾਸੀ ਜੁਗਤ ਨਾਲ ਜੋੜਦਾ ਬੀੜਦਾ ਹੈ ਕਿ ਇੱਕ ਤਰ੍ਹਾਂ ਦਾ ਨਾਟਕੀ

ਤਣਾਅ ਪੈਦਾ ਹੋ ਜਾਂਦਾ ਹੈ। ਮਿਸਾਲ ਵਜੋਂ :

**ਉਸਦੀਆਂ ਗੱਲਾਂ ਸੁਣੋ ਕੀ ਰੰਗ ਕੀ-ਕੀ ਰੋਸ਼ਨੀ,**
**ਹਾਇ ਪਰ ਕਿਰਦਾਰ ਤੇ ਗੱਲਬਾਤ ਵਿਚਲਾ ਫਾਸਿਲਾ।**

ਸੰਗੀਤਕਤਾ ਅਤੇ ਦਾਰਸ਼ਨਿਕਤਾ ਪਾਤਰ ਦੀਆਂ ਗ਼ਜ਼ਲਾਂ ਦੇ ਹੋਰ ਉਭਰਵੇਂ ਲੱਛਣ ਹਨ। ਉਸਦੀਆਂ ਗਜ਼ਲਾਂ ਵਿੱਚ ਅਨੁਭਵ ਦੀ ਗੰਭੀਰਤਾ ਅਤੇ ਤਕਨੀਕ ਦੀ ਕੁਸ਼ਲਤਾ ਦਾ ਅਦੁੱਤੀ ਸੁਮੇਲ ਹੁੰਦਾ ਹੈ।

**ਪ੍ਰਸ਼ਨ : ਪਾਤਰ-ਕਾਵਿ ਦੀ ਵਿਸ਼ਵ-ਦ੍ਰਿਸ਼ਟੀ ਬਾਰੇ ਚਰਚਾ ਕਰੋ।**

**ਉੱਤਰ :** ਹਰੇਕ ਰਚਨਾ ਵਿੱਚ ਇੱਕ ਵਿਸ਼ੇਸ਼ ਨਜ਼ਰੀਏ ਤੋਂ ਯਥਾਰਥ ਨੂੰ ਗ੍ਰਹਿਣ ਕੀਤਾ ਅਤੇ ਪ੍ਰਗਟਾਇਆ ਗਿਆ ਹੁੰਦਾ ਹੈ। ਉਹ ਹਰੇਕ ਤਰ੍ਹਾਂ ਦੀ ਸੰਪਰਦਾਇਕ ਦ੍ਰਿਸ਼ਟੀ ਤੋਂ ਅਗਾਂਹ ਜਾ ਕੇ ਪੰਜਾਬ ਸੰਕਟ ਦੀਆਂ ਪਰਤਾਂ ਨੂੰ ਵਸਤੂਮੁਖੀ ਢੰਗ ਨਾਲ ਵੇਖਦਾ ਹੈ। ਉਹ ਇਸ ਗੱਲੋਂ ਸੁਚੇਤ ਹੈ ਕਿ ਸਥਾਪਤੀ ਆਪਣੇ ਹਿੱਤਾਂ ਦੀ ਪੂਰਤੀ ਲਈ ਜਨ-ਸਾਧਾਰਣ ਵਿੱਚ ਧਰਮਾਂ, ਬੋਲੀਆਂ, ਨਸਲਾਂ ਅਤੇ ਜਾਤਾਂ ਦੇ ਵਖਰੇਵਿਆਂ ਨੂੰ ਉਭਾਰ ਕੇ ਪੇਸ਼ ਕਰਦੀ ਹੈ। ਇਸ ਲਈ ਜਨਸਾਧਾਰਣ ਦਾ ਪੱਖ ਪੂਰਦਿਆਂ ਕਾਵਿ-ਵਕਤਾ ਉਨ੍ਹਾਂ ਨੂੰ ਚੇਤੰਨ ਕਰਦਾ ਹੈ ਅਤੇ ਸਥਾਪਤੀ ਦੀਆਂ ਮੰਦੀਆਂ ਭਾਵਨਾਵਾਂ ਉਤੇ ਵਿਅੰਗ ਕਰਦਾ ਹੈ :

**ਮੈਂ ਧਰਤੀ ਦੇ ਦੁਖੜੇ ਨੂੰ ਸਹਿਣਾ ਵੀ ਹੈ,**
**ਜਿਹੜਾ ਬਦੀਆਂ ਕਰੇ ਉਹਨੂੰ ਕਹਿਣਾ ਵੀ ਹੈ।**

ਉਹ ਖੁਸ਼ਹਾਲ ਵਸਦੇ ਪੰਜਾਬ ਨੂੰ 'ਨਜ਼ਰ' ਲਾਉਣ ਵਾਲੀ ਕੇਂਦਰੀ ਸੱਤਾਵਾਨ ਸ਼ਕਤੀ ਦੀ ਹਕੀਕਤ ਪਛਾਣਨ ਦੇ ਉਪਰਾਲੇ ਕਰਦਾ ਹੈ। ਸਮੁੱਚੇ ਤੌਰ ਤੇ ਵੀ ਉਸ ਦੀ ਰਚਨਾ ਆਧੁਨਿਕ ਮਨੁੱਖ ਅੰਦਰੋਂ ਮਰ ਰਹੀਆਂ ਮਾਨਵਵਾਦੀ ਕਦਰਾਂ-ਕੀਮਤਾਂ ਉੱਤੇ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ।

**ਪ੍ਰਸ਼ਨ : ਕਾਵਿ-ਵਕਤਾ ਸਥਾਪਤੀ ਦੇ ਅਮਾਨਵਕਾਰੀ ਚਰਿੱਤਰ ਨੂੰ ਉਘਾੜਨ ਲਈ ਕਿਸ ਹਥਿਆਰ ਦੀ ਵਰਤੋਂ ਕਰਦਾ ਹੈ?**

**ਉੱਤਰ :** ਕਾਵਿ-ਵਕਤਾ ਨੇ ਸਥਾਪਤੀ ਦੇ ਮਨੁੱਖ ਵਿਰੋਧੀ ਕਾਰਜਾਂ ਦਾ ਭਾਂਡਾ ਭੰਨਣ ਵਾਸਤੇ ਵਿਅੰਗ ਦੇ ਹਥਿਆਰ ਦੀ ਵਰਤੋਂ ਕੀਤੀ ਹੈ। ਉਹ ਲਿਖਦਾ ਹੈ :

**ਦਸਤਾਰ ਸਜਾ ਕੇ ਆ ਜਾਵੇ,**
**ਭਾਵੇਂ ਤਿਲਕ ਲਗਾ ਕੇ ਆ ਜਾਵੇ**
**ਸਾਥੋਂ ਔਰੰਗਜ਼ੇਬ ਨਹੀਂ ਲੁਕਦਾ।**

ਉਹ ਸਥਾਪਤੀ ਦੇ ਮਨੁੱਖ ਵਿਰੋਧੀ ਸਰੂਪ ਨੂੰ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨਾਲ ਤੁਲਨਾ ਦਿੰਦਾ ਹੈ। ਅਜਿਹੀ ਔਰੰਗਜ਼ੇਬੀ ਸਿਆਸਤ ਹੀ ਜਨ-ਸਾਧਾਰਣ ਦੇ ਸਮੂਹ ਸੰਕਟਾਂ ਦਾ ਕਾਰਣ ਬਣਦੀ ਹੈ।

**ਪ੍ਰਸ਼ਨ : ਸੁਰਜੀਤ ਪਾਤਰ ਦਾ ਪੰਜਾਬੀ ਕਵਿਤਾ ਨੂੰ ਕੀ ਯੋਗਦਾਨ ਹੈ?**

**ਉੱਤਰ :** ਸੁਰਜੀਤ ਪਾਤਰ ਪੰਜਾਬੀ ਦਾ ਅਜਿਹਾ ਕਵੀ ਹੈ ਜਿਸਨੇ ਆਪਣੇ ਰਚਨਾ-ਵਸਤੂ, ਕਲਾ-ਜੁਗਤਾਂ ਅਤੇ ਰਚਨਾ-ਦ੍ਰਿਸ਼ਟੀ ਦੇ ਤਿੰਨਾਂ ਪੱਖਾਂ ਤੋਂ ਹੀ ਪੰਜਾਬੀ ਕਵਿਤਾ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਉਸਨੇ ਆਪਣੀ ਪੂਰਵਲੀ ਅਧਿਆਤਮਿਕ ਯਥਾਰਥਵਾਦੀ ਤੇ ਪ੍ਰਗਤੀਵਾਦੀ ਕਾਵਿ-ਰਚਨਾ ਤੋਂ ਹੀ ਅਗਾਂਹ ਕਦਮ ਪੁੱਟੇ ਅਤੇ ਆਪਣੀਆਂ ਸਮਕਾਲੀ ਕਾਵਿ-ਲਹਿਰਾਂ ਪ੍ਰਯੋਗਵਾਦੀ ਲਹਿਰ ਅਤੇ ਜੁਝਾਰਵਾਦੀ ਕਾਵਿ-ਲਹਿਰ ਨਾਲੋਂ ਵੀ ਵਿਲੱਖਣਤਾ ਹਾਸਲ ਕਰਕੇ ਆਪਣੀ ਨਿਵੇਕਲੀ ਪਛਾਣ ਬਣਾਈ। ਉਸ ਨੇ ਅਧਿਆਤਮਵਾਦ, ਰੁਮਾਂਸਵਾਦ, ਪ੍ਰਯੋਗਵਾਦੀ ਉਲਾਰ ਅਤੇ ਜੁਝਾਰਵਾਦੀ ਹਿੰਸਾਵਾਦ ਤੋਂ ਵੱਖਰਾ ਮਾਰਗ ਚੁਣਦਿਆਂ ਆਪਣੇ ਸਮਕਾਲੀ ਵਸਤੂ ਯਥਾਰਥ ਨੂੰ ਵਸਤੂਮੁਖੀ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਕਲਾਤਮਕ ਸਮਰੱਥਾ ਨਾਲ ਅਭਿਵਿਅਕਤ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ।

**ਪ੍ਰਸ਼ਨ : ਸੁਰਜੀਤ ਪਾਤਰ ਦੀ ਕਾਵਿ-ਦਿਸ਼ਾ ਕੀ ਹੈ?**

**ਉੱਤਰ** : ਸੁਰਜੀਤ ਪਾਤਰ ਆਪਣੀ ਕਾਵਿ-ਰਚਨਾ ਰਾਹੀਂ ਭਾਵੇਂ ਸਮਕਾਲੀ ਸਮੱਸਿਆਵਾਂ ਨੂੰ ਹੀ ਮੁਖ਼ਾਤਬ ਹੋ ਰਿਹਾ ਹੁੰਦਾ ਹੈ ਪਰ ਉਸ ਦੀ ਰੁਚੀ ਸਮਕਾਲੀ ਤੋਂ ਪਾਰ ਜਾ ਕੇ ਸਦੀਵੀ ਅਰਥਾਂ ਨੂੰ ਉਜਾਗਰ ਕਰਨ ਦੀ ਹੁੰਦੀ ਹੈ। ਇਸੇ ਲਈ ਉਹ ਸਮਕਾਲੀ ਸੰਕਟ ਦੀ ਗੱਲ ਕਰਦਾ-ਕਰਦਾ ਮਨੁੱਖ ਦੇ ਅਸਤਿਤਵੀ ਸੰਕਟ ਤੱਕ ਦਾ ਵਿਸਤਾਰ ਗ੍ਰਹਿਣ ਕਰ ਲੈਂਦਾ ਹੈ। ਸੁਰਜੀਤ ਪਾਤਰ ਦੀ ਇਹ ਕਾਵਿ-ਦਿਸ਼ਾ ਹੀ ਉਸਨੂੰ ਆਪਣੇ ਸਮਕਾਲੀ ਸ਼ਾਇਰਾਂ ਤੋਂ ਸ਼ਿਰੋਮਣੀ ਸਥਾਨ ਪ੍ਰਦਾਨ ਕਰਦੀ ਹੈ। ਉਹ ਕਿਸੇ ਸਮਕਾਲੀ ਸੰਕਟ ਦੇ ਸਮੂਰਤ ਵੇਰਵਿਆਂ ਦੇ ਜ਼ਿਕਰ ਨਾਲ ਗੱਲ ਦਾ ਆਰੰਭ ਕਰਦਾ ਹੈ, ਜਿਵੇਂ :

**ਕੀ ਹੈ ਤੇਰਾ ਸ਼ਹਿਰ ਏਥੇ ਫੁੱਲ ਵੀ,**
**ਮੰਗਦੇ ਨੇ ਆਗਿਆ ਮਹਿਕਣ ਲਈ।**

ਤਾਂ ਇਹ ਸਤਰਾਂ ਸਮੇਂ ਸਥਾਨ ਦੀਆਂ ਸੀਮਾਵਾਂ ਉਲੰਘ ਕੇ ਸਥਾਪਤੀ ਦੇ ਅਮਾਨਵੀਂ ਸਰੂਪ ਦੀਆਂ ਰਮਜ਼ਾਂ ਸਦਾ-ਸਦਾ ਲਈ ਸੰਚਾਰਨ ਵਾਲੀਆਂ ਹੋ ਨਿਬੜਦੀਆਂ ਹਨ।

**ਪ੍ਰਸ਼ਨ : ਸੁਰਜੀਤ ਪਾਤਰ ਦੇ ਕਾਵਿ ਦਾ ਸਮੁੱਚਾ ਪ੍ਰਭਾਵ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।**

**ਉੱਤਰ** : ਕਿਸੇ ਵੀ ਰਚਨਾ ਦੀ ਉੱਤਮਤਾ ਦੀ ਸਭ ਤੋਂ ਵੱਡੀ ਕਸੌਟੀ ਤਾਂ ਪਾਠਕ ਹੀ ਹੁੰਦਾ ਹੈ। ਜਦੋਂ ਪਾਤਰ ਦੀ ਕਾਵਿ-ਰਚਨਾ ਨੂੰ ਇਸ ਦ੍ਰਿਸ਼ਟੀ ਤੋਂ ਵੇਖਦੇ ਹਾਂ ਤਾਂ ਇਹ ਸੱਚ ਨਿੱਤਰ ਕੇ ਸਾਹਮਣੇ ਆ ਜਾਂਦਾ ਹੈ ਕਿ ਇਹ ਟੈਕਸਟ ਪਾਠਕ ਦੇ ਆਮ ਸੁਹਜ-ਸੁਆਦਾਂ ਨੂੰ ਤ੍ਰਿਪਤ ਕਰਨ ਵਾਲੀ ਕਿਰਤ ਨਹੀਂ ਸਗੋਂ ਇਹ ਪਾਠਕ ਦੇ ਅੰਦਰ ਵਿਚਾਰਾਂ ਦੀ ਤੀਬਰ ਹਲਚਲ ਪੈਦਾ ਕਰਦੀ ਹੈ, ਉਸਨੂੰ ਸਮਕਾਲੀ ਯਥਾਰਥ ਬਾਰੇ ਗੰਭੀਰਤਾ ਨਾਲ ਚਿੰਤਨ ਕਰਨ ਦੇ ਰਾਹ ਪਾਉਂਦੀ ਹੈ, ਇਹ ਕਵਿਤਾਵਾਂ ਪਾਠਕ ਨੂੰ ਹਰ ਤਰ੍ਹਾਂ ਝੰਜੋੜਦੀਆਂ ਹਨ, ਉਸਨੂੰ ਰਹੱਸ ਦੀ ਦੁਨੀਆਂ 'ਚ ਲੈ ਕੇ ਜਾਂਦੀਆਂ ਹਨ, ਉਦਾਸ ਕਰਦੀਆਂ ਹਨ, ਸੋਚਵਾਨ ਬਣਾਉਂਦੀਆਂ ਹਨ, ਸੁਪਨੇ ਸਿਰਜਣ ਲਈ ਪ੍ਰੇਰਿਤ ਕਰਦੀਆਂ ਹਨ, ਆਪਣੀ ਹੋਂਦ ਦਾ ਪੁਨਰ-ਨਿਰੀਖਣ ਕਰਨ ਲਈ ਵੰਗਾਰਦੀਆਂ ਹਨ ਅਤੇ ਜੀਵਨ ਦੀਆਂ ਡੂੰਘੀਆਂ ਪਰਤਾਂ ਤੱਕ ਦੇ ਦੀਦਾਰ ਕਰਾਉਂਦੀਆਂ ਹਨ। ਸਮੁੱਚੇ ਤੌਰ ਤੇ ਮਨੁੱਖ ਅੰਦਰ ਨਿਰੰਤਰ ਚੱਲ ਰਹੀ ਜੰਗ ਦਾ ਬੋਧ ਕਰਾਉਂਦੀਆਂ ਹਨ :

**ਉਹ ਜੰਗ ਜਿਹੜੀ ਹਰ ਸਮੇਂ ਬੰਦੇ ਦੇ ਮਨ 'ਚ ਹੈ,**
**ਯਾਰੋ ਮੈਂ ਉਸ ਜੰਗ ਦਾ ਨਾਮਾਨਿਗਾਰ ਹਾਂ।**

ਸੁਰਜੀਤ ਪਾਤਰ ਦੀ ਕਾਵਿ-ਰਚਨਾ ਪਾਠਕ ਦੀ ਦਾਰਸ਼ਨਿਕ ਸੂਝ ਦਾ ਵਿਸਤਾਰ ਕਰਨ ਵਾਲੀ ਹੈ।

ਸਾਰ-ਅੰਸ਼ ਵਜੋਂ ਕਹਿ ਸਕਦੇ ਹਾਂ ਕਿ ਸੁਰਜੀਤ ਪਾਤਰ ਸਾਡਾ ਅਜੋਕੇ ਸਮਿਆਂ ਦਾ ਸਭ ਤੋਂ ਵੱਧ ਸਮਰੱਥਾਵਾਨ ਕਵੀ ਹੈ। ਉਸ ਦੀ ਕਵਿਤਾ ਦੀ ਪੜ੍ਹਤ ਪਾਠਕ ਨੂੰ ਬਾਲਗ-ਬੁੱਧ ਹੋਣ ਦਾ ਆਨੰਦ ਪ੍ਰਦਾਨ ਕਰਦੀ ਹੈ।

**ਮਹੱਤਵਪੂਰਨ ਵੱਡੇ ਪ੍ਰਸ਼ਨ :**

- ਸੁਰਜੀਤ ਪਾਤਰ ਦੀ ਰਚਨਾ-ਦ੍ਰਿਸ਼ਟੀ ਦਾ ਉਲੇਖ ਕਰੋ।
- ਕਵਿਤਾ ਅਤੇ ਵਿਚਾਰਧਾਰਾ ਦੇ ਪਰਸਪਰ ਸੰਬੰਧਾਂ ਨੂੰ ਸੁਰਜੀਤ ਪਾਤਰ ਦੀ ਕਾਵਿ-ਰਚਨਾ ਦੇ ਸੰਦਰਭ 'ਚ ਵਿਚਾਰੋ।
- ਪਾਤਰ-ਕਾਵਿ ਦੀ ਕੇਂਦਰੀ ਸਮੱਸਿਆ ਦਾ ਉਦਾਹਰਣਾਂ ਸਹਿਤ ਬਿਆਨ ਕਰੋ।
- ਪਾਤਰ-ਕਾਵਿ ਦੀ ਕਾਵਿ-ਕਲਾ ਦਾ ਵਰਣਨ ਕਰੋ।

**ਮਹੱਤਵਪੂਰਨ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :**

- 'ਸੁਰਜ਼ਮੀਨ' ਸਿਰਲੇਖ ਤੋਂ ਕੀ ਭਾਵ ਹੈ?
- ਸੁਰਜੀਤ ਪਾਤਰ ਦੀ ਕਿਸ ਰਚਨਾ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਕਦੋਂ ਪ੍ਰਾਪਤ ਹੋਇਆ?

- ਪਾਤਰ-ਕਾਵਿ ਵਿੱਚ 'ਧੁਖਦਾ ਜੰਗਲ' ਕਿਸਦਾ ਪ੍ਰਤੀਕ ਹੈ?
- ਪਾਤਰ ਦੀ ਕਵਿਤਾ 'ਵਹਿੰਗੀ' ਦਾ ਕੇਂਦਰੀ ਭਾਵ ਲਿਖੋ।

**ਸਹਾਇਕ ਸਮੀਖਿਆਤਮਕ ਸਮੱਗਰੀ** :


- ਐਸ. ਤਰਸੇਮ ,ਡਾ., ਸੁਰਜੀਤ ਪਾਤਰ ਰਚਿਤ ਹਵਾ ਵਿਚੇ ਲਿਖੇ ਹਰਫ਼ ਇੱਕ ਆਲੋਚਨਾਤਮਕ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986
- ਅਮਰਜੀਤ ਸਿੰਘ ਗਰੇਵਾਲ (ਡਾ.) ਮੁਹੱਬਤ ਦੀ ਰਾਜਨੀਤੀ (ਪੰਜਾਬੀ ਨਵ-ਕਵਿਤਾ ਦਾ ਇੱਕ ਰਾਜਨੀਤਿਕ-ਸਾਂਸਕ੍ਰਿਤਕ ਪਰਿਪੇਖ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999
- ਸਤਿੰਦਰ ਸਿੰਘ ਨੂਰ (ਡਾ.) ਅਤੇ ਡਾ: ਵਨੀਤਾ, ਸੰਪਾ., ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਜਾਬੀ ਸਾਹਿਤ ਅਕਾਦਮੀ, ਦਿੱਲੀ, 1998
- ਕਰਮਜੀਤ ਸਿੰਘ (ਡਾ:) ਦੁਆਰਾ 'ਹਵਾ ਵਿੱਚ ਲਿਖੇ ਹਰਫ਼' ਦੀ ਲਿਖੀ ਭੂਮਿਕਾ ਵਿਸ਼ੇਸ਼ ਤੌਰ ਤੇ ਪੜ੍ਹਨਯੋਗ ਹੈ।
- ਤੇਜਵੰਤ ਸਿੰਘ ਗਿੱਲ (ਡਾ:), ਸੁਰਜੀਤ ਪਾਤਰ ਜੀਵਨ ਤੇ ਰਚਨਾ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2000 (ਦੂਜੀ ਵਾਰ)
- ਰਾਜਿੰਦਰ ਪਾਲ ਸਿੰਘ (ਡਾ:) ਸੁਰਜੀਤ ਪਾਤਰ ਦੀ ਕਾਵਿ-ਸੰਵੇਦਨਾ, ਸੁਚੇਤ ਪ੍ਰਕਾਸ਼ਨ, ਪਟਿਆਲਾ, 1986


Type Setting :
Department of Distance Education, Punjabi University, Patiala.